ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

YouTube https://youtu.be/LQwolgxDu7I

International Daily Newspaper & WEB TV

awazeqaumtvpunjab@gmail.com

ਐਤਵਾਰ, 5 ਮਈ 2024 (ਨਾਨਕਸ਼ਾਹੀ ਸੰਮਤ : ੫੫੬, ੨੩ ਵੇਸਾਖ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

## ਹਰਦੀਪ ਸਿੰਘ ਨਿੱਝਰ ਕਤਲ ਕੇਸ ਵਿਚ

# ਕੈਨੇਡੀਅਨ ਪੁਲਿਸ ਨੇ ਤਿੰਨ ਸ਼ੱਕੀ ਕਾਤਲਾਂ ਨੂੰ ਕੀਤਾ ਗ੍ਰਿਫਤਾਰ

## ਇਨ੍ਹਾਂ ਦਾ ਸਬੰਧ ਭਾਰਤ ਵਿਚ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਗਰੁੱਪ ਨਾਲ ਹੋਣ ਦਾ ਸ਼ੱਕ

**ਨਵੀਂ ਦਿੱਲੀ 4 ਮਈ (ਮਨਪ੍ਰੀਤ ਸਿੰਘ ਖਾਲਸਾ)**:-ਕੈਨੇਡੀਅਨ ਨਾਗਰਿਕ ਤੇ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਕਤਲ ਕੇਸ ਦੀ ਜਾਂਚ ਕਰ ਰਹੀ ਪੁਲਿਸ ਟੀਮ ਨੇ ਤਿੰਨ ਸ਼ੱਕੀ ਕਾਤਲਾਂ ਨੂੰ ਗ੍ਰਿਫਤਾਰ ਕੀਤਾ ਹੈ। ਸਰੀ ਦੀ ਇਕ ਅਦਾਲਤ ਵਿਚ ਪੁਲਿਸ ਵਲੋਂ ਦਾਇਰ ਕੀਤੇ ਗਏ ਦਸਤਾਵੇਜ਼ਾਂ ਮੁਤਾਬਿਕ ਫੜੇ ਗਏ ਸ਼ੱਕੀ ਕਾਤਲ ਜਿਹਨਾਂ ਦੇ ਨਾਮ ਕਮਲਪ੍ਰੀਤ ਸਿੰਘ, ਕਰਨਪ੍ਰੀਤ ਸਿੰਘ ਅਤੇ ਕਰਨ ਬਰਾੜ ਦੱਸੇ ਗਏ ਹਨ, ਭਾਰਤੀ ਨਾਗਰਿਕ ਹਨ ਤੇ ਉਹ ਕੈਨੇਡਾ 2021 ਵਿਚ ਵਿਜਟਰ ਅਤੇ ਸਟੂਡੈਂਟ ਵੀਜ਼ੇ ਉਪਰ ਪੁੱਜੇ ਸਨ। ਪੁਲਿਸ ਨੇ ਇਹਨਾਂ ਸ਼ੱਕੀ ਵਿਅਕਤੀਆਂ ਨੂੰ ਸ਼ੁੱਕਰਵਾਰ ਨੂੰ ਕੀਤੀ ਗਈ ਕਾਰਵਾਈ ਦੌਰਾਨ ਐਡਮਿੰਟਨ ਨੇੜੇ ਸਪਰੋਵ ਗਰੂਵ ਤੋਂ ਗ੍ਰਿਫ਼ਤਾਰ ਕੀਤਾ ਹੈ। ਜਾਂਚ ਟੀਮ ਪਿਛਲੇ ਕੁਝ ਮਹੀਨਿਆਂ ਤੋਂ ਇਹਨਾਂ ਸ਼ੱਕੀਆਂ ਦੀ ਨਿਗਰਾਨੀ ਕਰ ਰਹੀ ਸੀ। ਸ਼ੰਕਾ ਹੈ ਕਿ ਇਹਨਾਂ ਦਾ ਸਬੰਧ ਭਾਰਤ ਵਿਚ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਗਰੁੱਪ ਨਾਲ ਹੈ ਜਿਸਨੇ ਮਈ 2022 ਵਿਚ ਪ੍ਰਸਿੱਧ ਗਾਇਕ ਸਿੱਧੂ ਮੂਸੇਵਾਲਾ ਨੂੰ ਮਾਰਨ ਦੀ ਜਿੰਮੇਵਾਰੀ ਲਈ ਸੀ।




ਆਵਾਜ਼ਿ ਕੌਮ AWAZE QAUM International Newspaper & WEB TV

ਪੁਲਿਸ ਨੂੰ ਇਹਨਾਂ ਸ਼ੱਕੀ ਕਾਤਲਾਂ ਦੇ ਨਿੱਝਰ ਕਤਲ ਤੋਂ ਇਲਾਵਾ ਵਿੰਨੀਪੈਗ ਸਤੰਬਰ 2023 ਵਿਚ ਇਕ ਗੈਂਗਸਟਰ ਸੁਖਦੂਲ ਗਿੱਲ ਉਰਫ ਸੁੱਖਾ ਦੁਨੇਕੇ ਅਤੇ ਐਡਮਿੰਟਨ ਨਵੰਬਰ 2023 ਵਿਚ ਬਿਜਨੈਸਮੈਨ ਹਰਪ੍ਰੀਤ ਉਪਲ ਤੇ ਉਸਦੇ 11 ਸਾਲਾ ਪੁੱਤਰ ਦੀ ਹੱਤਿਆ ਦੇ ਮਾਮਲੇ ਵਿਚ ਵੀ ਸ਼ਾਮਿਲ ਹੋਣ ਦੀ ਸ਼ੰਕਾ ਹੈ। ਗੈਂਗਸਟਰ ਸੁੱਖਾ ਦੁਨੇਕੇ ਪੰਜਾਬ ਵਿਚ ਗੈਂਗਸਟਰ ਦਵਿੰਦਰ ਬੰਬੀਹਾ ਗਰੁੱਪ ਦਾ ਮੈਂਬਰ ਸੀ ਜੋ 2017 ਵਿਚ ਜਾਅਲੀ ਪਾਸਪੋਰਟ ਤੇ ਕੈਨੇਡਾ ਪੁੱਜਾ ਸੀ।

ਸਰੀ ਵਿਖੇ ਆਰ ਸੀ ਐਮ ਪੀ ਦੇ ਹੈਡਕੁਆਰਟਰ ਵਿਖੇ ਪੁਲਿਸ ਵਲੋਂ ਕੀਤੀ ਗਈ ਇਕ ਪ੍ਰੈਸ ਕਾਨਫਰੰਸ ਦੌਰਾਨ ਅਧਿਕਾਰੀਆਂ ਨੇ ਨਿਝਰ ਕਤਲ ਕੇਸ ਨਾਲ ਜੁੜੀ ਜਾਂਚ ਅਤੇ ਫੜੇ ਗਏ ਦੋਸ਼ੀਆਂ ਬਾਰੇ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਫੜੇ ਗਏ ਦੋਸ਼ੀਆਂ 22 ਸਾਲਾ ਕਰਨ ਬਰਾੜ, 22 ਸਾਲ ਕਮਲਪ੍ਰੀਤ ਸਿੰਘ ਅਤੇ 28 ਸਾਲਾ ਕਰਨਪ੍ਰੀਤ ਸਿੰਘ ਖਿਲਾਫ ਪਹਿਲੇ ਦਰਜੇ ਦੇ ਕਤਲ ਅਤੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਲਗਾਏ ਗਏ ਹਨ। ਕਤਲ ਕੇਸ ਦੀ ਜਾਂਚ ਟੀਮ ਦੇ ਅਧਿਕਾਰੀ ਮਨਦੀਪ ਮੂਕਰ ਨੇ ਦੱਸਿਆ ਕਿ ਤਿੰਨਾਂ ਦੋਸ਼ੀਆਂ ਨੂੰ ਐਡਮਿੰਟਨ ਵਿੱਚ 3 ਮਈ ਸ਼ੁੱਕਰਵਾਰ ਦੀ ਸਵੇਰ ਨੂੰ ਗ੍ਰਿਫਤਾਰ ਕੀਤਾ ਗਿਆ ਜਿਹਨਾਂ ਦਾ ਪੁਲਿਸ ਕੋਲ ਪਹਿਲਾਂ ਕੋਈ ਰਿਕਾਰਡ ਨਹੀ ਸੀ। ਉਹ ਤਿੰਨੇ ਭਾਰਤੀ ਨਾਗਰਿਕ ਹਨ ਤੇ ਤਿੰਨ -ਚਾਰ ਸਾਲ ਤੋਂ ਕੈਨੇਡਾ ਵਿਚ ਰਹਿ ਰਹੇ ਹਨ। ਆਰ ਸੀ ਐਮ ਪੀ ਦੇ ਸਹਾਇਕ ਕਮਿਸ਼ਨਰ ਡੇਵਿਡ ਟੇਬੋਲ ਨੇ ਦੱਸਿਆ ਕਿ ਪੁਲਿਸ ਦੁਆਰਾ ਇਕੱਠੇ ਕੀਤੇ ਸਬੂਤਾਂ ਅਤੇ ਕਤਲ ਪਿਛਲੇ ਉਦੇਸ਼ ਬਾਰੇ ਅਜੇ ਕੁਝ ਕਿਹਾ ਨਹੀ ਜਾ ਸਕਦਾ ਕਿਉਂਕਿ ਅਜੇ ਕਤਲ ਦੇ ਕਈ ਹੋਰ ਪਹਿਲੂਆਂ ਬਾਰੇ ਜਾਂਚ ਚੱਲ ਰਹੀ ਹੈ। ਪੁਲਿਸ ਅਜੇ ਇਸ ਗੱਲ ਦੀ ਕੋਈ ਪੁਸ਼ਟੀ ਨਹੀ ਕਰਦੀ ਇਹਨਾਂ ਦਾ ਭਾਰਤ ਵਿਚ ਕਿਸੇ ਗੈਂਗ ਨਾਲ ਸਬੰਧ ਹੈ ਜਾਂ ਨਹੀ। ਜਾਂਚ ਅਧਿਕਾਰੀ ਮਨਦੀਪ ਨੇ ਕਿਹਾ ਕਿ ਉਹਨਾਂ ਦਾ ਇਹ ਮੰਨਣਾ ਹੈ ਕਿ ਇਸ ਕੇਸ ਵਿਚ ਹੋਰ ਲੋਕ ਵੀ ਸ਼ਾਮਲ ਹੋ ਸਕਦੇ ਹਨ। ਜ਼ਿਕਰਯੋਗ ਹੈ ਕਿ ਕਤਲ ਦੀ ਘਟਨਾ ਤੋਂ ਬਾਦ ਪੁਲਿਸ ਅਧਿਕਾਰੀ ਟਿਮੋਥੀ ਪਿਰੋਟੀ ਨੇ ਦੋ ਸ਼ੱਕੀਆਂ ਦੇ ਵੇਰਵੇ ਸਾਂਝੇ ਕੀਤੇ ਸਨ। ਉਹਨਾਂ ਦੱਸਿਆ ਸੀ ਦੋ ਸ਼ੱਕੀ - ਜਿਨ੍ਹਾਂ ਨੇ ਚਿਹਰੇ ਨੂੰ ਢੱਕਿਆ ਹੋਇਆ ਸੀ - ਸਰੀ ਦੀ 122 ਸਟਰੀਟ 'ਤੇ ਕਾਗਰ ਕ੍ਰੀਕ ਪਾਰਕ ਵੱਲ ਭੱਜੇ ਸਨ, ਜਿਥੇ ਉਨ੍ਹਾਂ ਨੂੰ ਪਹਿਲਾਂ ਹੀ ਇਕ ਗੱਡੀ ਵਿਚ ਉਨ੍ਹਾਂ ਦੀ ਉਡੀਕ ਕੀਤੀ ਜਾ ਰਹੀ ਸੀ।

ਜ਼ਿਕਰਯੋਗ ਹੈ ਕਿ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਦੇ ਪ੍ਰਧਾਨ ਹਰਦੀਪ ਸਿੰਘ ਨਿੱਝਰ ਦਾ ਕਤਲ ਪਿਛਲੇ ਸਾਲ 18 ਜੂਨ ਨੂੰ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਲੌਟ ਵਿਚ ਕੀਤਾ ਗਿਆ ਸੀ। ਸਿੱਖ ਸੰਸਥਾਵਾਂ ਵਲੋਂ ਇਸ ਕਤਲ ਪਿਛੇ ਭਾਰਤੀ ਏਜੰਸੀਆਂ ਦੇ ਹੱਥ ਹੋਣ ਦੇ ਦੋਸ਼ ਲਗਾਏ ਗਏ ਸਨ। ਇਸ ਉਪਰੰਤ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਦਨ ਵਿਚ ਇਕ ਬਿਆਨ ਰਾਹੀਂ ਨਿੱਝਰ ਕਤਲ ਕੇਸ ਵਿਚ ਭਾਰਤੀ ਏਜੰਸੀਆਂ ਦੇ ਹੱਥ ਹੋਣ ਦੇ ਸਬੂਤ ਮਿਲਣ ਦਾ ਖੁਲਾਸਾ ਕੀਤਾ ਸੀ।

## ਨਿੱਝਰ ਦੇ ਕਾਤਲਾਂ ਨੂੰ ਗ੍ਰਿਫਤਾਰ ਕਰਣ ਨਾਲ ਪਰਿਵਾਰ ਅਤੇ ਭਾਈਚਾਰੇ ਲਈ ਬਣੀ ਨਿਆਂ ਦੀ ਉਮੀਦ: ਕੰਸਰਵੇਟਿਵ ਆਗੂ ਪੀਅਰ ਪੋਲੀਵਰ



ਨਵੀਂ ਦਿੱਲੀ 4 ਮਈ (ਮਨਪ੍ਰੀਤ ਸਿੰਘ ਖਾਲਸਾ):– ਫੈਡਰਲ ਕੰਸਰਵੇਟਿਵ ਆਗੂ ਪੀਅਰ ਪੋਲੀਵਰ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਦਾ ਕਤਲ ਬੇਹੱਦ ਗੰਭੀਰ ਅਪਰਾਧ ਹੈ। ਮੁਲਕ ਵਿਚ ਕਿਸੇ ਵੀ ਤਰਾਂ ਦੀ ਵਿਦੇਸ਼ੀ ਦਖਲਅੰਦਾਜ਼ੀ, ਖਾਸ ਤੌਰ 'ਤੇ ਕੈਨੇਡੀਅਨ ਧਰਤੀ 'ਤੇ ਕਿਸੇ ਕੈਨੇਡੀਅਨ ਨਾਗਰਿਕ ਦਾ ਕਤਲ, ਅਸਵੀਕਾਰਨਯੋਗ ਹੈ। ਉਹਨਾਂ ਕਿਹਾ ਕਿ ਇਹ ਚੰਗੀ ਖਬਰ ਹੈ ਕਿ ਆਖਰਕਾਰ ਪੁਲਿਸ ਨੇ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ ਜਿਸ ਨਾਲ ਨਿੱਝਰ ਦੇ ਪਰਿਵਾਰ ਅਤੇ ਭਾਈਚਾਰੇ ਲਈ ਕੁਝ ਨਿਆਂ ਦੀ ਉਮੀਦ ਬਣੀ ਹੈ। ਜ਼ਿੰਮੇਵਾਰ ਲੋਕਾਂ ਨੂੰ ਉਨ੍ਹਾਂ ਦੇ ਜੁਰਮਾਂ ਦੀ ਸਜ਼ਾ ਮਿਲਣੀ ਚਾਹੀਦੀ ਹੈ। ਇਸਦੇ ਨਾਲ ਹੀ ਸਰਕਾਰ ਅਤੇ ਖੁਫੀਆ ਏਜੰਸੀਆਂ ਨੂੰ ਇਸ ਕਤਲ ਵਿੱਚ ਸ਼ਾਮਲ ਕਿਸੇ ਵੀ ਹੋਰ ਵਿਅਕਤੀ ਜਾਂ ਸੰਸਥਾ ਦਾ ਨਿਰੰਤਰ ਪਿੱਛਾ ਕਰਨਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਨੂੰ ਜਵਾਬਦੇਹ ਠਹਿਰਾਇਆ ਜਾ ਸਕੇ।

## ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿੱਚ ਭਾਰਤ ਸਰਕਾਰ ਦਾ ਹੱਥ : ਜਗਮੀਤ ਸਿੰਘ



ਨਵੀਂ ਦਿੱਲੀ 4 ਮਈ (ਮਨਪ੍ਰੀਤ ਸਿੰਘ ਖਾਲਸਾ):– ਕੈਨੇਡਾ ਦੀ ਨਿਊ ਡੈਮੋਕ੍ਰੇਟਿਕ ਪਾਰਟੀ (ਐਨਡੀਪੀ) ਦੇ ਆਗੂ ਜਗਮੀਤ ਸਿੰਘ ਨੇ ਮੁੜ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿੱਚ ਭਾਰਤ ਸਰਕਾਰ ਦਾ ਹੱਥ ਹੋਣ ਦਾ ਦੋਸ਼ ਲਗਾਇਆ ਹੈ, ਹਾਲਾਂਕਿ ਕਨੈਡਾ ਪੁਲਿਸ ਕਰਮਚਾਰੀਆਂ ਨੇ ਕਿਹਾ ਹੈ ਕੀ ਮਾਮਲੇ ਦੀ ਜਾਂਚ ਜਾਰੀ ਹੈ ਤੇ ਹੋਰ ਗ੍ਰਿਫਤਾਰੀਆਂ ਵੀਂ ਹੋ ਸਕਦੀਆਂ ਹਨ। ਜਗਮੀਤ ਸਿੰਘ ਦੀ ਐਨਡੀਪੀ ਨੇ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਘੱਟ ਗਿਣਤੀ ਸਰਕਾਰ ਨੂੰ ਕੁਝ ਅਹਿਮ ਬਿੱਲਾਂ 'ਤੇ ਸਮਰਥਨ ਦੇ ਬਦਲੇ ਸਮਰਥਨ ਦਿੱਤਾ ਹੈ। ਕੈਨੇਡੀਅਨ ਪੁਲਿਸ ਵੱਲੋਂ ਹਰਦੀਪ ਨਿੱਝਰ ਦੀ ਹੱਤਿਆ ਦੇ ਤਿੰਨ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦੇ ਐਲਾਨ ਤੋਂ ਬਾਅਦ ਜਗਮੀਤ ਸਿੰਘ ਨੇ ਦਾਅਵਾ ਕੀਤਾ ਕਿ ਇਸ ਵਿੱਚ ਭਾਰਤੀ ਦਾ ਹੱਥ ਸੀ। ਐਕਸ 'ਤੇ ਆਪਣੀ ਪੋਸਟ ਵਿੱਚ, ਜਗਮੀਤ ਸਿੰਘ ਨੇ ਲਿਖਿਆ, "ਭਾਰਤ ਸਰਕਾਰ ਨੇ ਇੱਕ ਕੈਨੇਡੀਅਨ ਨਾਗਰਿਕ ਨੂੰ ਕੈਨੇਡੀਅਨ ਧਰਤੀ 'ਤੇ – ਇੱਕ ਪੂਜਾ ਸਥਾਨ 'ਤੇ ਕਤਲ ਕਰਨ ਲਈ ਕਾਤਲਾਂ ਨੂੰ ਕਿਰਾਏ 'ਤੇ ਲਿਆ। ਅੱਜ 3 ਗ੍ਰਿਫਤਾਰੀਆਂ ਕੀਤੀਆਂ ਗਈਆਂ। ਮੈਨੂੰ ਉਨ੍ਹਾਂ ਬਾਰੇ ਦਸਿਆ ਜਾਏ ਕੀ ਕੋਈ ਵੀ ਭਾਰਤੀ ਏਜੰਟ ਜਾਂ ਸਟੇਟ ਐਕਟਰ ਜਿਸਨੇ ਹੁਕਮ ਦਿੱਤਾ ਸੀ। ਇਸ ਕਤਲ ਦਾ ਪਰਦਾਫਾਸ਼ ਕੀਤਾ ਜਾਣਾ ਚਾਹੀਦਾ ਹੈ ਅਤੇ ਕੈਨੇਡਾ, ਜਮਹੂਰੀਅਤ ਅਤੇ ਬੋਲਣ ਦੀ ਆਜ਼ਾਦੀ ਲਈ ਪੂਰੀ ਤਾਕਤ ਨਾਲ ਹਰਦੀਪ ਸਿੰਘ ਨਿੱਝਰ ਨੂੰ ਇਨਸਾਫ਼ ਮਿਲਣਾ ਚਾਹੀਦਾ ਹੈ। ਜਿਕਰਯੋਗ ਹੈ ਕੀ ਪਿਛਲੇ ਸਾਲ ਕੈਨੇਡੀਅਨ ਪ੍ਰਧਾਨ ਮੰਤਰੀ ਟਰੂਡੋ ਨੇ ਵੀ ਇਸ ਕਤਲੇਆਮ ਵਿੱਚ ਭਾਰਤੀ ਹੱਥ ਹੋਣ ਦਾ ਦੋਸ਼ ਲਾਇਆ ਸੀ, ਜਿਸ ਦਾ ਭਾਰਤ ਨੇ ਜ਼ੋਰਦਾਰ ਖੰਡਨ ਕੀਤਾ ਸੀ ਅਤੇ ਇਸਨੂੰ 'ਬੇਹੂਦਾ ਅਤੇ ਪ੍ਰੇਰਿਤ' ਕਿਹਾ ਸੀ।

## ਸ਼ਹੀਦ ਨਿੱਝਰ ਦੇ ਹਮਲਾਵਰਾਂ ਦੀ ਗ੍ਰਿਫਤਾਰੀਆਂ

# ਹਿੰਦ ਸਰਕਾਰ ਦੇ ਹੱਥ ਹੋਣ ਦੀ ਕਰਦੀ ਹੈ ਪੁਸ਼ਟੀ: ਸਰੀ ਅਤੇ ਬੀ ਸੀ ਗੁਰਦੁਆਰਾ ਪ੍ਰਬੰਧਕ ਕਮੇਟੀ




ਆਵਾਜ਼ਿ ਕੌਮ AWAZE QAUM International Newspaper & WEB TV

**ਨਵੀਂ ਦਿੱਲੀ 4 ਮਈ (ਮਨਪ੍ਰੀਤ ਸਿੰਘ ਖਾਲਸਾ)**:- ਹਰਦੀਪ ਸਿੰਘ ਨਿੱਝਰ ਦੀ ਹੱਤਿਆ ਨਾਲ ਜੁੜੀਆਂ ਹਾਲੀਆ ਗ੍ਰਿਫਤਾਰੀਆਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ ਕਿ ਮੋਦੀ ਸਰਕਾਰ ਨੇ ਆਪਣੀ ਵਿਦੇਸ਼ੀ ਖੁਫੀਆ ਏਜੰਸੀ ਰਾਅ ਨੂੰ ਨਿੱਝਰ ਨੂੰ ਸ਼ਹੀਦ ਕਰ ਦੇਣ ਦੇ ਆਦੇਸ਼ ਅਤੇ ਪ੍ਰਬੰਧ ਕਰਨ ਲਈ ਨਿਰਦੇਸ਼ ਦਿੱਤੇ ਸਨ। ਕਨੈਡਾ ਦੇ ਸਰੀ ਅਤੇ ਬੀ ਸੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਭਾਈ ਨਰਿੰਦਰ ਸਿੰਘ ਖਾਲਸਾ ਰਾਹੀਂ ਮੀਡੀਆ ਨੂੰ ਜਾਰੀ ਕੀਤੇ ਗਏ ਬਿਆਨ ਮੁਤਾਬਿਕ ਸ਼ਹੀਦ ਨਿੱਝਰ ਸਾਡੇ ਗੁਰਦੁਆਰੇ ਦੇ ਪ੍ਰਧਾਨ ਸਨ ਜਿਨ੍ਹਾਂ ਨੇ ਆਪਣਾ ਜੀਵਨ ਸਿੱਖ ਕੌਮ ਦੇ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਕੰਮਾਂ ਲਈ ਸਮਰਪਿਤ ਕਰ ਦਿੱਤਾ ਸੀ। ਉਹ ਇੱਕ ਇਮਾਨਦਾਰ ਵਿਅਕਤੀ ਸੀ, ਇੱਕ ਸ਼ਾਂਤਮਈ ਵਿਅਕਤੀ ਸੀ ਜਿਸਦਾ ਸਮਾਜ ਸੇਵਾ ਪ੍ਰਤੀ ਵਚਨਬੱਧਤਾ ਦਾ ਪ੍ਰਦਰਸ਼ਨ ਸੀ। ਇਸ ਦੇ ਉਲਟ, ਪ੍ਰਧਾਨ ਮੰਤਰੀ ਮੋਦੀ ਦੇ ਆਪਣੇ ਬਿਆਨਾਂ ਦੀ ਰੌਸ਼ਨੀ ਵਿੱਚ, ਉਹ ਇੱਕ ਕਾਤਲ ਹੈ ਜਿਸ ਨੇ ਹਾਲ ਹੀ ਵਿੱਚ ਇੱਕ ਭਾਸ਼ਣ ਵਿੱਚ ਐਲਾਨ ਕੀਤਾ ਸੀ ਕਿ "ਇਹ ਨਵਾਂ ਭਾਰਤ ਤੁਹਾਨੂੰ ਮਾਰਨ ਲਈ ਤੁਹਾਡੇ ਘਰ ਵਿੱਚ ਆਇਆ ਹੈ। ਮੇਰਾ ਭਾਰਤ

**(ਬਾਕੀ ਪੰਨਾ 13 'ਤੇ)**

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

**Awaze Qaum**

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7l

awazeqaumtvpunjab@gmail.com

ਐਤਵਾਰ, 5 ਮਈ 2024 (ਨਾਨਕਸ਼ਾਹੀ ਸੰਮਤ : ੫੫੬, ੨੩ ਵੈਸਾਖ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਅੰਮ੍ਰਿਤਪਾਲ ਸਿੰਘ ਦੇ ਚੋਣ ਲੜਨ 'ਚ ਅੜਿੱਕਾ ਪਾਉਣਗੇ ਇਹ ਨਿਯਮ, ਕਈ ਦਾਅ-ਪੇਚਾਂ ਦਾ ਕਰਨਾ ਪਵੇਗਾ ਸਾਹਮਣਾ

**ਨਵੀਂ ਦਿੱਲੀ, 4 ਮਈ (ਆਵਾਜ਼ਿ ਕੌਮ ਬਿਊਰੋ)**-ਲੋਕ ਸਭਾ ਚੋਣਾਂ ਵਿਚਾਲੇ ਪੰਜਾਬ ਦੀ ਖਡੂਰ ਸਾਹਿਬ ਸੀਟ ਕਾਫ਼ੀ ਚਰਚਾ 'ਚ ਹੈ। ਦਰਅਸਲ, NSA (ਨੈਸ਼ਨਲ ਸਕਿਓਰਿਟੀ ਐਕਟ) ਤਹਿਤ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਵਾਰਿਸ ਪੰਜਾਬ ਦੇ ਜਥੇਬੰਦੀ ਦਾ ਪ੍ਰਧਾਨ ਅੰਮ੍ਰਿਤਪਾਲ ਸਿੰਘ ਵੱਲੋਂ ਖ਼ਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦਾ ਐਲਾਨ ਕੀਤਾ ਗਿਆ ਹੈ। ਇਸ ਨੂੰ ਲੈ ਕੇ ਲੋਕਾਂ ਦੇ ਮਨ ਵਿਚ ਸਭ ਤੋਂ ਵੱਡਾ ਸਵਾਲ ਇਹੀ ਹੈ ਕਿ ਕੀ NSA ਲੱਗਣ ਦੇ ਬਾਵਜੂਦ ਅੰਮ੍ਰਿਤਪਾਲ ਸਿੰਘ ਚੋਣ ਲੜ ਸਕਦਾ ਹੈ? ਮਾਹਰਾਂ ਦੀ ਮੰਨੀਏ ਤਾਂ NSA ਕਾਰਨ ਕਿਸੇ ਦੇ ਚੋਣ ਲੜਨ ਵਿਚ ਅੜਿੱਕਾ ਨਹੀਂ ਪੈਂਦਾ ਪਰ ਅੰਮ੍ਰਿਤਪਾਲ ਸਿੰਘ ਨੂੰ ਇਸ ਤੋਂ ਇਲਾਵਾ ਕਈ ਹੋਰ ਦਾਅ-ਪੇਚਾਂ ਦਾ ਵੀ ਸਾਹਮਣਾ ਕਰਨਾ ਪੈ ਸਕਦਾ ਹੈ। ਪਹਿਲੀ ਗੱਲ ਤਾਂ ਅੰਮ੍ਰਿਤਪਾਲ ਸਿੰਘ ਆਖ ਚੁੱਕਾ ਹੈ ਕਿ ਉਹ ਭਾਰਤੀ ਸੰਵਿਧਾਨ ਨੂੰ ਨਹੀਂ ਮੰਨਦਾ ਪਰ ਚੋਣਾਂ ਲਈ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਵੇਲੇ ਉਸ ਨੂੰ ਆਪਣੇ ਸਟੈਂਡ ਤੋਂ ਹੱਟ ਕੇ ਸੰਵਿਧਾਨ ਦੀ ਸਹੁੰ ਚੁੱਕਣੀ ਪਵੇਗੀ। ਇਸ ਵਿਚ ਸਭ ਤੋਂ ਵੱਡਾ ਪੇਚ ਹੈ ਕਿ ਜੇਕਰ ਪੰਜਾਬ ਪੁਲਸ ਅੰਮ੍ਰਿਤਪਾਲ ਸਿੰਘ ਨੂੰ ਰਿਮਾਂਡ 'ਤੇ ਲੈ ਆਉਂਦੀ ਹੈ ਤਾਂ ਇਸ ਨਾਲ ਉਸ ਦੀ ਨਾਮਜ਼ਦਗੀ ਰੱਦ ਹੋ ਸਕਦੀ ਹੈ। ਜੇਕਰ ਪੰਜਾਬ ਪੁਲਸ ਅੰਮ੍ਰਿਤਪਾਲ ਸਿੰਘ ਨੂੰ ਜਲੰਧਰ ਅਤੇ ਅੰਮ੍ਰਿਤਸਰ ਵਿਚ ਦਰਜ ਮਾਮਲਿਆਂ ਦੇ ਚੱਲਦੇ ਰਿਮਾਂਡ 'ਤੇ ਲਿਆਂਉਂਦੀ ਹੈ ਤਾਂ ਉਹ ਜੇਲ੍ਹ ਸੁਪਰੀਡੰਟ ਦੀ ਹਿਰਾਸਤ ਵਿਚ ਨਹੀਂ ਰਹੇਗਾ ਪਰ ਨਾਮਜ਼ਦਗੀ ਕਾਗਜ਼ ਦਾਖ਼ਲ ਕਰਵਾਉਣ ਵੇਲੇ ਸਹੁੰ ਚੁਕਾਉਣ ਦਾ ਅਧਿਕਾਰ ਜੇਲ੍ਹ ਸੁਪਰੀਡੰਟ ਕੋਲ ਹੀ ਹੈ। ਇਸ ਲਈ ਸਹੁੰ ਨਾ ਚੁੱਕੇ ਜਾਣ 'ਤੇ ਅੰਮ੍ਰਿਤਪਾਲ ਸਿੰਘ ਦੀ ਨਾਮਜ਼ਦਗੀ ਮਨਜ਼ੂਰ ਨਹੀਂ ਹੋ ਸਕਦੀ।

## ਪ੍ਰਧਾਨ ਮੰਤਰੀ ਮੋਦੀ ਤੇ ਅਮਿਤ ਸ਼ਾਹ ਨੇ

# ਪੰਜਾਬ ਆਉਣ ਦੀ ਖਿੱਚੀ ਤਿਆਰੀ

**ਨਵੀਂ ਦਿੱਲੀ, 4 ਮਈ (ਆਵਾਜ਼ਿ ਕੌਮ ਬਿਊਰੋ)**-ਲੋਕ ਸਭਾ ਚੋਣਾ ਦਾ ਵਿਗੁਲ ਵੱਜਦਿਆਂ ਦੀ ਸਾਰੀਆਂ ਪਾਰਟੀਆਂ ਨੇ ਤਨਦੇਹੀ ਨਾਲ ਕੰਮ ਸ਼ੁਰੂ ਕਰ ਦਿੱਤਾ ਹੈ। ਲਗਾਤਾਰ ਪਾਰਟੀਆਂ ਵੱਡੇ ਐਲਾਨ ਕਰ ਰਹੀਆਂ ਹਨ। ਇਸ ਦਰਮਿਆਨ ਪਾਰਟੀ ਦਾ ਹਰ ਆਗੂ ਚੋਣ ਪ੍ਰਚਾਰ ਕਰ ਰਿਹਾ ਹੈ। 7 ਮਈ ਤੋ ਨਾਮਜ਼ਦਗੀ ਦਾਖਲ ਹੋਣ ਤੋ ਬਾਅਦ ਇਹ ਪ੍ਰਚਾਰ ਹੋਰ ਵੀ ਪ੍ਰਚੰਡ ਹੋ ਜਾਵੇਗਾ। ਹਾਲਾਂਕਿ ਸਾਰੀਆ ਸਿਆਸੀ ਪਾਰਟੀਆ ਵੋਟਰਾਂ ਨਾਲ ਰਾਬਤਾ ਵਧਾਉਣ ਲਈ ਪਹਿਲਾਂ ਹੀ ਸਰਗਰਮ ਹੋ ਗਈਆਂ ਹਨ। ਨਾਮਜ਼ਦਗੀ ਦੀ ਪ੍ਰਕਿਰਿਆ ਮੁਕੰਮਲ ਹੋਣ ਉਪਰੰਤ ਚੋਣ ਪ੍ਰਚਾਰ ਸਿਖਰ ਵੱਲ ਵਧਣਾ ਸ਼ੁਰੂ ਹੋ ਜਾਵੇਗਾ। ਜਿਵੇਂ ਪੰਜਾਬ ਦੇ ਆਗੂ ਇਸ ਵੇਲੇ ਦੂਜੇ ਸੂਬਿਆ 'ਚ ਚੋਣ ਪ੍ਰਚਾਰ ਕਰਨ ਜਾ ਰਹੇ ਹਨ, ਉਸੇ ਤਰ੍ਹਾਂ ਦੂਜੇ ਸੂਬਿਆ ਸਮੇਤ ਕੇਂਦਰੀ ਆਗੂ ਵੀ ਚੋਣ ਪ੍ਰਚਾਰ ਲਈ ਪੰਜਾਬ ਪੁੱਜਣਗੇ। ਜੀ ਹਾ ਨਰਿੰਦਰ ਮੋਦੀ ਤੋ ਇਲਾਵਾ ਅਮਿਤ ਸ਼ਾਹ ਜੇਪੀ



ਨੱਢਾ ਵੀ ਪੰਜਾਬ ਅੰਦਰ ਪ੍ਰਚਾਰ ਕਰਨਗੇ। ਮੋਦੀ ਵਲੋ ਸੂਬੇ ਅੰਦਰ 4 ਰੈਲੀਆਂ ਕੀਤੇ ਜਾਣ ਦੀ ਸੰਭਾਵਨਾ ਹੈ। ਜਿਨ੍ਹਾਂ ਵਿਚੋ 2 ਰੈਲੀਆਂ ਮਾਲਵੇ ਅੰਦਰ ਅਤੇ 1-2 ਰੈਲੀ ਮਾਝੇ ਅਤੇ ਦੁਆਵੇ 'ਚ ਹੋਵੇਗੀ । ਦਰਅਸਲ ਭਾਜਪਾ ਮਾਲਵੇ ਦੀਆਂ 67 ਵਿਧਾਨ ਸਭਾ ਸੀਟਾਂ ਨੂੰ ਦੇਖਦਿਆਂ ਮਾਲਵੇ 'ਚ ਆਪਣੇ ਪੈਰ ਜਮਾਉਣਾ ਚਾਹੁੰਦੀ ਹੈ, ਜਿਸ ਲਈ ਇਹ ਪੈਂਤੜਾ ਚਲਾਇਆ ਜਾ ਰਿਹਾ ਹੈ। ਇਸ ਲਈ ਪੂਰੀ ਤਿਆਰੀ ਕਰ ਲਈ ਗਈ ਹੈ। ਹਾਲਾਂਕਿ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਦੀਆਂ ਰੈਲੀਆਂ ਦੀ ਤਰੀਕ ਤੇ ਸਥਾਨ ਬਾਰੇ ਆਖ਼ਰੀ ਫ਼ੈਸਲਾ ਨਹੀਂ ਹੋਇਆ ਪਰ ਮੰਨਿਆ ਜਾ ਰਿਹਾ ਹੈ ਕਿ ਪ੍ਰਧਾਨ ਮੰਤਰੀ ਪੰਜਾਬ 'ਚ ਘੱਟੋ-ਘੱਟ ਚਾਰ ਰੈਲੀਆਂ ਕਰਨਗੇ। ਖ਼ਾਸ ਗੱਲ ਇਹ ਹੈ ਕਿ ਚੋਣ ਪ੍ਰਚਾਰ ਦੌਰਾਨ ਮਾਲਵਾ ਖਿੱਤੇ 'ਤੇ ਜ਼ਿਆਦਾ ਧਿਆਨ ਦਿੱਤਾ ਜਾਵੇਗਾ। ਇਸੇ ਲਈ ਇੱਥੇ ਪੀਐੱਮ ਦੀਆਂ ਦੋ ਰੈਲੀਆਂ ਦੀ ਤਜਵੀਜ਼ ਹੈ। ਪਰ ਇਸ ਦੇ ਨਾਲ ਨਾਲ ਇਹ ਵੀ ਹੈ ਕਿ ਮਾਲਵੇ ਤੋ ਕਿਸਾਨ ਜਥੇਬੰਦੀਆਂ ਵਲੋ ਉਠਦੀਆਂ ਬਾਗੀ ਸੁਰਾਂ ਨੂੰ ਵੀ ਇਨ੍ਹਾਂ ਰੈਲੀਆਂ ਰਾਹੀ ਭਾਜਪਾ ਦਬਾਉਣਾ ਚਾਹੁੰਦੀ ਹੈ।

## ਭਾਜਪਾ ਉਮੀਦਵਾਰ ਪਰਨੀਤ ਕੌਰ ਦਾ ਵਿਰੋਧ ਕਰ ਰਹੇ ਕਿਸਾਨ ਦੀ ਹੋਈ ਮੌਤ



**ਪਟਿਆਲਾ, 4 ਮਈ (ਆਵਾਜ਼ਿ ਕੌਮ ਬਿਊਰੋ)**-ਪਟਿਆਲਾ ਦੇ ਨਜ਼ਦੀਕ ਪੈਂਦੇ ਦੇ ਪਿੰਡ ਸੇਰਾ ਸਹਿਰੀ ਦੇ ਵਿੱਚ ਪਰਨੀਤ ਕੌਰ ਦਾ ਪ੍ਰੋਗਰਾਮ ਸੀ, ਜਿਸ ਵਿਚ ਕਿਸਾਨਾਂ ਵਲੋਂ ਵਿਰੋਧ ਕੀਤਾ ਗਿਆ, ਜਿਸ ਵਿਚ ਇੱਕ ਕਿਸਾਨ ਦੀ ਮੌਤ ਹੋ ਗਈ। ਮ੍ਰਿਤਕ ਕਿਸਾਨ ਦਾ ਨਾਮ ਸੁਰਿੰਦਰ ਪਾਲ ਪਿੰਡ ਆਕੜੀ ਦਾ ਰਹਿਣ ਵਾਲਾ ਸੀ ਜਿਸਦੀ ਉਮਰ 62 ਸਾਲ ਸੀ । ਕਿਸਾਨਾਂ ਵਲੋਂ ਪ੍ਰਨੀਤ ਕੌਰ ਦਾ ਵਿਰੋਧ ਕੀਤਾ ਜਾ ਰਿਹਾ ਸੀ ਤਾਂ ਇਸੇ ਦੌਰਾਨ ਜਦੋਂ ਕਿਸਾਨਾਂ ਅਤੇ ਪੁਲਿਸ ਦੇ ਵਿਚਕਾਰ ਧੱਕਾ ਮੁੱਕੀ ਹੋਈ ਤਾਂ ਇੱਕ ਕਿਸਾਨ ਦੀ ਉਸੇ ਦੌਰਾਨ ਸਿਹਤ ਵਿਗੜ ਗਈ, ਜਿਸ ਨੂੰ ਉਸ ਦੇ ਨਾਲ ਦੇ ਸਾਥੀਆਂ ਵਲੋਂ ਤੁਰੰਤ ਹਸਪਤਾਲ ਲੈ ਕੇ ਜਾਇਆ ਗਿਆ, ਜਿੱਥੇ ਉਸ ਕਿਸਾਨ ਦੀ ਮੌਤ ਹੋ ਗਈ ਹੈ।

## ਹੈਦਰਾਬਾਦ 'ਚ ਅਮਿਤ ਸ਼ਾਹ ਦੇ ਖਿਲਾਫ ਮਾਮਲਾ ਦਰਜ

**ਨਵੀਂ ਦਿੱਲੀ, 4 ਮਈ (ਆਵਾਜ਼ਿ ਕੌਮ ਬਿਊਰੋ)**-ਤੇਲੰਗਾਨਾ 'ਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ 'ਤੇ MCC ਦੀ ਉਲੰਘਣਾ ਦਾ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ 'ਤੇ ਆਪਣੀ ਚੋਣ ਰੈਲੀ 'ਚ ਬੱਚਿਆਂ ਦੀ ਵਰਤੋਂ ਕਰਨ ਦੇ ਦੋਸ਼ ਲੱਗੇ ਹਨ। ਈਮੇਲ ਰਾਹੀਂ ਭੇਜੀ ਗਈ ਸ਼ਿਕਾਇਤ ਵਿੱਚ ਕਿਹਾ ਗਿਆ ਹੈ, "ਚੋਣ ਕਮਿਸ਼ਨ ਨੇ ਹਾਲ ਹੀ ਵਿੱਚ ਰਾਜਨੀਤਿਕ ਪਾਰਟੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਬੱਚਿਆਂ ਦੀਆਂ ਸੇਵਾਵਾਂ ਅਤੇ ਚੋਣ ਨਾਲ ਸਬੰਧਤ ਪ੍ਰਚਾਰ ਜਾਂ ਗਤੀਵਿਧੀਆਂ ਵਿੱਚ ਉਨ੍ਹਾਂ ਦੀ ਭਾਗੀਦਾਰੀ ਦੀ ਵਰਤੋਂ ਨਾ ਕਰਨ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਯਾਨੀ 1-5-2024 ਨੂੰ ਤੇਲੰਗਾਨਾ ਰਾਜ ਦੇ ਹੈਦਰਾਬਾਦ ਲੋਕ ਸਭਾ ਹਲਕੇ ਵਿੱਚ ਲਾਦਰਵਾਜਾ ਤੋਂ ਸੁਧਾ ਟਾਕੀਜ਼ ਤੱਕ ਇੱਕ ਚੋਣ ਰੈਲੀ ਵਿੱਚ ਹਿੱਸਾ ਲਿਆ। ਰੈਲੀ ਸੁਧਾ ਟਾਕੀਜ਼ ਵਿਖੇ ਇੱਕ ਜਨਤਕ ਮੀਟਿੰਗ ਨਾਲ ਸਮਾਪਤ ਹੋਈ, ਜਿੱਥੇ ਤੁਸੀਂ ਸਟੇਜ 'ਤੇ ਅਮਿਤ ਸ਼ਾਹ ਦੇ ਨਾਲ ਕੁਝ ਬੱਚਿਆਂ ਨੂੰ ਦੇਖ ਸਕਦੇ ਹੋ। ਇੱਕ ਬੱਚੇ ਨੂੰ ਭਾਜਪਾ ਦੇ ਚੋਣ ਨਿਸ਼ਾਨ ਨਾਲ ਦੇਖਿਆ ਗਿਆ। ਇਹ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਦੀ ਸਪੱਸ਼ਟ ਉਲੰਘਣਾ ਹੈ। ਅਸੀਂ ਤੁਹਾਡੀ ਜਾਣਕਾਰੀ ਲਈ ਇੱਥੇ ਇੱਕ ਫੋਟੋ ਨਾਲ ਨੱਥੀ ਕਰ ਰਹੇ ਹਾਂ।"



**ਇਨ੍ਹਾਂ ਵਿਅਕਤੀਆਂ ਖਿਲਾਫ ਮਾਮਲਾ ਦਰਜ** : ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਫੋਟੋਆਂ ਅਤੇ ਵੀਡੀਓਗ੍ਰਾਫੀ ਦੇ ਆਧਾਰ 'ਤੇ ਜਿਨ੍ਹਾਂ ਕਥਿਤ ਦੋਸ਼ੀਆਂ ਦੀ ਪਛਾਣ ਕੀਤੀ ਗਈ ਹੈ, ਉਨ੍ਹਾਂ ਵਿਚ ਟੀ ਯਮਨ ਸਿੰਘ, ਹੈਦਰਾਬਾਦ ਸੰਸਦੀ ਹਲਕੇ ਤੋਂ ਚੋਣ ਲੜ ਰਹੀ ਕੋਮਪੇਲਾ ਮਾਧਵੀ ਲਠਾ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਕੇਂਦਰੀ ਮੰਤਰੀ ਕਿਸ਼ਨ ਰੈੱਡੀ ਅਤੇ ਵਿਧਾਇਕ ਟੀ. ਰਾਜਾ ਸਿੰਘ ਅਤੇ ਹੋਰ ਨੇਤਾਂ ਸ਼ਾਮਲ ਹਨ। ਸ਼ਿਕਾਇਤ ਵਿੱਚ ਅੱਗੇ ਕਿਹਾ ਗਿਆ ਹੈ ਕਿ ਇਹ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਦੀ ਸਪੱਸ਼ਟ ਉਲੰਘਣਾ ਹੈ ਅਤੇ ਇੱਕ ਫੋਟੋਕਾਪੀ ਵੀ ਨੱਥੀ ਕੀਤੀ ਹੈ ਅਤੇ ਇਸ ਨੂੰ ਤੱਥਾਂ ਦੀ ਰਿਪੋਰਟ ਲਈ ਹੈਦਰਾਬਾਦ ਸਿਟੀ ਪੁਲਿਸ ਕਮਿਸ਼ਨਰ ਵਾਈਸ ਰੈਫ 2 ਸਿਟੀ ਨੂੰ ਭੇਜਿਆ ਹੈ। ਇਸ ਤੋਂ ਇਲਾਵਾ ਲੋੜੀਂਦੀ ਕਾਰਵਾਈ ਲਈ ਐਸ.ਐਚ.ਓ ਮੋਗਾਲਪੁਰਾ ਨੂੰ ਸੌਂਪਿਆ ਜਾ ਰਿਹਾ ਹੈ।

**ਮਾਮਲਾ ਦਰਜ ਕਰਕੇ ਜਾਂਚ ਸ਼ੁਰੂ** : ਪੁਲਿਸ ਇੰਸਪੈਕਟਰ ਪੀਐਨ ਦੁਰਗਾ ਪ੍ਰਸਾਦ ਨੇ ਦੱਸਿਆ ਕਿ 02/05/2024 ਨੂੰ ਸ਼ਾਮ 7:00 ਵਜੇ ਪ੍ਰਾਪਤ ਹੋਈ ਸੂਚਨਾ ਦੇ ਅਨੁਸਾਰ, ਟੀਪੀਸੀਸੀ ਦੇ ਸੀਨੀਅਰ ਮੀਤ ਪ੍ਰਧਾਨ ਜੀ. ਨਿਰੰਜਨ ਨੇ ਸੀਈਓ ਤੇਲੰਗਾਨਾ ਰਾਜ ਨੂੰ ਇੱਕ ਮੇਲ ਭੇਜੀ ਸੀ, ਜੋ ਕਿ ਤੱਥਾਂ ਲਈ ਸੀਪੀ-ਹੈਦਰਾਬਾਦ ਨੂੰ ਭੇਜੀ ਗਈ ਸੀ। ਰਿਪੋਰਟ ਭੇਜ ਦਿੱਤੀ ਗਈ ਅਤੇ ਲੋੜੀਂਦੀ ਕਾਰਵਾਈ ਲਈ ਥਾਣਾ ਮੁਗਲਪੁਰਾ ਭੇਜ ਦਿੱਤੀ ਗਈ। ਮਿਲੀ ਸੂਚਨਾ ਦੇ ਆਧਾਰ 'ਤੇ ਮੈਂ ਸੀ.ਆਰ.ਨੰ: 77/2024, U/S: 188 ਆਈ.ਪੀ.ਸੀ. ਤਹਿਤ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਸਲਮਾਨ ਦੇ ਘਰ ਫਾਇਰਿੰਗ ਮਾਮਲੇ 'ਚ ਦੋਸ਼ੀ ਅਨੁਜ ਥਾਪਨ ਦੇ ਪਰਿਵਾਰ ਨੇ ਲਾਸ਼ ਲੈਣ ਤੋਂ ਕੀਤਾ ਇਨਕਾਰ

**ਮੁੰਬਈ, 4 ਮਈ (ਆਵਾਜ਼ਿ ਕੌਮ ਬਿਊਰੋ)**-ਸਲਮਾਨ ਖਾਨ ਦੇ ਘਰ ਗੋਲੀਬਾਰੀ ਮਾਮਲੇ 'ਚ ਗ੍ਰਿਫਤਾਰ ਦੋਸ਼ੀ ਅਨੁਜਕੁਮਾਰ ਥਾਪਨ ਦੇ ਪਰਿਵਾਰਕ ਮੈਂਬਰਾਂ ਨੇ ਉਸ ਦੀ ਲਾਸ਼ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਪਰਿਵਾਰਕ ਮੈਂਬਰਾਂ ਨੇ ਸੀਬੀਆਈ ਜਾਂਚ ਦੀ ਮੰਗ ਕਰਦੇ ਹੋਏ ਕਿਹਾ ਹੈ ਕਿ ਕੋਈ ਜਾਂਚ ਕੀਤੀ ਜਾਵੇ ਨਹੀਂ ਤਾਂ ਉਹ ਲਾਸ਼ ਨਹੀਂ ਚੁੱਕਣਗੇ। ਸਲਮਾਨ ਖਾਨ ਦੇ ਘਰ 'ਤੇ ਗੋਲੀਬਾਰੀ ਮਾਮਲੇ 'ਚ ਪੁਲਿਸ ਨੇ ਚਾਰ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਸੀ। ਪੁਲਿਸ ਮੁਤਾਬਕ ਇਨ੍ਹਾਂ ਵਿੱਚੋਂ ਇੱਕ ਅਨੁਜ ਕੁਮਾਰ ਥਾਪਨ ਨੇ ਜੇਲ੍ਹ ਵਿੱਚ ਖੁਦਕੁਸ਼ੀ ਕਰ ਲਈ ਹੈ। ਖੁਦਕੁਸ਼ੀ ਕਰਨ ਤੋਂ ਬਾਅਦ ਉਸ ਦੀ ਲਾਸ਼ ਨੂੰ ਜੇਜੇ ਹਸਪਤਾਲ ਲਿਆਂਦਾ ਗਿਆ ਜਿੱਥੇ ਕੱਲ੍ਹ 2 ਮਈ ਨੂੰ ਪੋਸਟਮਾਰਟਮ ਕੀਤਾ ਗਿਆ। ਬੀਤੇ ਦਿਨੀਂ ਅਨੁਜ ਦਾ ਪਰਿਵਾਰ ਮੁੰਬਈ ਪਹੁੰਚਿਆ ਜਿੱਥੇ ਉਨ੍ਹਾਂ ਨੇ ਅਨੁਜ ਦੀ ਲਾਸ਼ ਦੇਖੀ ਤਾਂ ਹੈਰਾਨ ਰਹਿ ਗਏ। ਅਨੁਜ ਦੇ ਨਾਨੇ ਜਸਵੰਤ ਸਿੰਘ ਨੇ ਦੋਸ਼ ਲਾਇਆ ਕਿ ਇਹ ਕਤਲ ਹੈ ਨਾ ਕਿ ਖੁਦਕੁਸ਼ੀ। ਉਨ੍ਹਾਂ ਨੇ ਦੱਸਿਆ ਕਿ ਉਸ ਨੇ ਲਾਸ਼ ਦੇਖੀ ਅਤੇ ਉਸ ਦੇ ਗਲੇ 'ਤੇ ਨਿਸ਼ਾਨ ਫਾਂਸੀ ਦਾ ਨਹੀਂ ਸਗੋਂ ਗਲਾ ਘੁੱਟਣ ਦਾ ਲੱਗ ਰਿਹਾ ਸੀ। ਜਦੋਂ ਕਿ ਥਾਪਨ ਦੇ ਮਾਮਾ



ਕੁਲਦੀਪ ਬਿਸ਼ਨੋਈ ਦਾ ਕਹਿਣਾ ਹੈ ਕਿ ਅਨੁਜ ਘਰ ਦਾ ਖਰਚਾ ਚਲਾਉਂਦਾ ਸੀ ਅਤੇ ਉਹ ਬਹੁਤ ਗਰੀਬ ਪਰਿਵਾਰ ਤੋਂ ਹੈ। ਉਸ ਨੇ ਦੱਸਿਆ ਕਿ ਅਨੁਜ ਦੀ ਵਿਧਵਾ ਮਾਂ, ਛੋਟਾ ਭਰਾ ਅਤੇ ਛੋਟੀ ਭੈਣ ਉਸ ਦੇ ਨਾਲ ਰਹਿੰਦੇ ਹਨ। ਉਸਦੇ ਜਾਣ ਤੋਂ ਬਾਅਦ ਉਸਦਾ ਪਰਿਵਾਰ ਕੌਣ ਚਲਾਏਗਾ? ਸਾਨੂੰ ਹੁਣ ਮਹਾਰਾਸ਼ਟਰ ਪੁਲਿਸ 'ਤੇ ਭਰੋਸਾ ਨਹੀਂ ਹੈ ਅਤੇ ਇਸ ਮਾਮਲੇ ਦੀ ਜਾਂਚ ਸੀਬੀਆਈ ਨੂੰ ਸੌਂਪੀ ਜਾਣੀ ਚਾਹੀਦੀ ਹੈ, ਤਾਂ ਹੀ ਸਾਨੂੰ ਇਨਸਾਫ਼ ਮਿਲੇਗਾ। ਉਨ੍ਹਾਂ ਅੱਗੇ ਕਿਹਾ ਕਿ ਮੁੰਬਈ ਪੁਲਿਸ ਸਾਥੋਂ ਪਿੱਛਾ ਛੁਡਾਉਣਾ ਚਾਹੁੰਦੀ ਹੈ। ਇਸ ਕਾਰਨ ਉਹ ਚਾਹੁੰਦੀ ਹੈ ਕਿ ਅਸੀਂ ਜਲਦੀ ਤੋਂ ਜਲਦੀ ਅਨੁਜ ਦੀ ਲਾਸ਼ ਲੈ ਕੇ ਇੱਥੋਂ ਚਲੇ ਜਾਈਏ। ਸਾਡੇ ਕੋਲ ਪੈਸੇ ਨਹੀਂ ਹਨ ਅਤੇ ਇਸੇ ਲਈ ਜਦੋਂ ਅਸੀਂ ਪੰਜਾਬ ਵਿੱਚ ਸੀ ਤਾਂ ਮੁੰਬਈ ਪੁਲਿਸ ਨੇ ਕਿਹਾ ਕਿ ਉਹ ਸਾਨੂੰ ਟਿਕਟਾਂ ਭੇਜ ਰਹੇ ਹਨ। ਉਸ ਨੇ ਦੱਸਿਆ ਕਿ ਪੁਲਿਸ ਨੇ ਸਾਨੂੰ ਜਲਦੀ ਇੱਥੇ ਆਉਣ ਅਤੇ ਲਾਸ਼ ਨੂੰ ਇੱਥੋਂ ਆਪਣੇ ਪਿੰਡ ਲੈ ਜਾਣ ਲਈ ਕਿਹਾ। ਇਸ ਲਈ ਵੀ ਪੈਸੇ ਦੇਣ ਦਾ ਵਾਅਦਾ ਕੀਤਾ। ਪੁਲਿਸ ਨੇ ਸਾਡੇ ਆਉਣ ਲਈ ਫਲਾਈਟ ਦੀਆਂ ਟਿਕਟਾਂ ਜਾਰੀ ਕਰ ਦਿੱਤੀਆਂ ਪਰ ਸਾਨੂੰ ਪੁਲਿਸ 'ਤੇ ਭਰੋਸਾ ਨਹੀਂ, ਸੀ.ਬੀ.ਆਈ. ਜਾਂਚ ਤਾਂ ਬੇਣੀ ਚਾਹੀਦੀ ਹੈ। 14 ਅਪ੍ਰੈਲ ਦੀ ਸਵੇਰ ਨੂੰ ਬਾਂਦਰਾ 'ਚ ਸਲਮਾਨ ਖਾਨ ਦੇ ਘਰ 'ਗਲੈਕਸੀ ਅਪਾਰਟਮੈਂਟ' 'ਤੇ ਦੋ ਮੋਟਰਸਾਈਕਲਾਂ 'ਤੇ ਸਵਾਰ ਲੋਕਾਂ ਨੇ ਗੋਲੀਆਂ ਚਲਾ ਦਿੱਤੀਆਂ। ਇਸ ਤੋਂ ਬਾਅਦ ਪੁਲਿਸ ਨੇ ਐਫਆਈਆਰ ਦਰਜ ਕਰਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। 16 ਅਪ੍ਰੈਲ ਨੂੰ ਪੁਲਿਸ ਨੇ ਦੋ ਦੋਸ਼ੀਆਂ ਸਾਗਰ ਪਾਲ ਅਤੇ ਵਿੱਕੀ ਗੁਪਤਾ ਨੂੰ ਗੁਜਰਾਤ ਦੇ ਭੁਜ ਤੋਂ ਗ੍ਰਿਫਤਾਰ ਕੀਤਾ ਸੀ। ਸਲਮਾਨ ਦੇ ਘਰ ਦੇ ਬਾਹਰ ਗੋਲੀਬਾਰੀ ਦੀ ਘਟਨਾ ਵਿੱਚ ਵਰਤੀ ਗਈ ਬੰਦੂਕ ਸੂਰਤ ਦੀ ਤਾਪੀ ਨਦੀ ਤੋਂ ਬਰਾਮਦ ਹੋਈ ਹੈ। ਇਸ ਦੌਰਾਨ ਪੁਲਿਸ ਨੇ ਕੁਝ ਜਿੰਦਾ ਕਾਰਤੂਸ ਵੀ ਬਰਾਮਦ ਕੀਤੇ ਸਨ। ਪੁੱਛਗਿੱਛ ਦੌਰਾਨ ਮੁਲਜ਼ਮਾਂ ਨੇ ਦੱਸਿਆ ਕਿ ਗੋਲੀਬਾਰੀ ਤੋਂ ਬਾਅਦ ਉਹ ਸੜਕ ਰਾਹੀਂ ਸੂਰਤ ਪੁੱਜੇ ਅਤੇ ਰੇਲ ਰਾਹੀਂ ਭੁਜ ਗਏ। ਇਸ ਦੌਰਾਨ ਉਸ ਨੇ ਪਿਸਤੌਲ ਨਦੀ ਵਿੱਚ ਸੁੱਟ ਦਿੱਤਾ। ਇਨ੍ਹਾਂ ਮੁਲਜ਼ਮਾਂ ਤੋਂ ਪੁੱਛਗਿੱਛ ਕਰਨ ਤੋਂ ਬਾਅਦ ਪੁਲਿਸ ਨੇ ਸੋਨੂੰ ਕੁਮਾਰ ਬਿਸ਼ਨੋਈ ਅਤੇ ਅਨੁਜ ਥਾਪਨ ਨੂੰ ਪੰਜਾਬ ਤੋਂ ਗ੍ਰਿਫ਼ਤਾਰ ਕਰ ਲਿਆ। ਇਨ੍ਹਾਂ ਚਾਰਾਂ ਖ਼ਿਲਾਫ਼ ਆਈਪੀਸੀ ਅਤੇ ਆਰਮਜ਼ ਐਕਟ ਨਾਲ ਸਬੰਧਤ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਇਸ ਤੋਂ ਇਲਾਵਾ ਦੋਸ਼ੀਆਂ 'ਤੇ ਮਕੋਕਾ ਵੀ ਲਗਾਇਆ ਗਿਆ ਹੈ।

## ਬਸਪਾ ਨੇ ਜਸਵੀਰ ਗੜ੍ਹੀ ਨੂੰ ਬਣਾਇਆ ਆਨੰਦਪੁਰ ਸਾਹਿਬ ਤੋਂ ਉਮੀਦਵਾਰ, ਜਾਣੋ ਪੰਜਾਬ ਦੇ ਪੂਰੇ ਉਮੀਦਵਾਰਾਂ ਦੀ ਸੂਚੀ

**ਚੰਡੀਗੜ੍ਹ, 4 ਮਈ (ਆਵਾਜ਼ਿ ਕੌਮ ਬਿਊਰੋ)**- ਬਹੁਜਨ ਸਮਾਜ ਪਾਰਟੀ ਨੇ ਸ੍ਰੀ ਆਨੰਦਪੁਰ ਸਾਹਿਬ ਸੀਟ ਤੋਂ ਜਸਵੀਰ ਸਿੰਘ ਗੜ੍ਹੀ ਨੂੰ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ। ਪਾਰਟੀ ਨੇ ਸਾਰੀਆਂ 13 ਸੀਟਾਂ 'ਤੇ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਜ਼ਿਕਰ ਕਰ ਦਈਏ ਕਿ ਜਸਵੀਰ ਸਿੰਘ ਗੜ੍ਹੀ ਬਸਪਾ ਪੰਜਾਬ ਦੇ ਪ੍ਰਧਾਨ ਹਨ। ਬਹੁਜਨ ਸਮਾਜ ਪਾਰਟੀ ਦੀ ਕੌਮੀ ਪ੍ਰਧਾਨ ਕੁਮਾਰੀ ਮਾਇਆਵਤੀ 24 ਮਈ ਨੂੰ ਪੰਜਾਬ ਆ ਰਹੇ ਹਨ। ਉਹ ਪੰਜਾਬ ਦੀਆਂ ਸਾਰੀਆਂ 13 ਅਤੇ ਚੰਡੀਗੜ੍ਹ ਦੀ ਇੱਕ ਸੀਟ 'ਤੇ ਉਮੀਦਵਾਰਾਂ ਲਈ ਚੋਣ ਪ੍ਰਚਾਰ ਕਰਨਗੇ। ਪਾਰਟੀ ਵੱਲੋਂ ਨਵਾਂਸ਼ਹਿਰ ਵਿੱਚ ਰੈਲੀ ਕੀਤੀ ਜਾਵੇਗੀ।



**ਬਸਪਾ ਦੇ ਪੰਜਾਬ ਉਮੀਦਵਾਰਾਂ ਦੀ ਸੂਚੀ** : ਬਸਪਾ ਨੇ ਹੁਣ ਸਾਰੀਆਂ ਸੀਟਾਂ 'ਤੇ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਐਲਾਨੇ ਗਏ ਉਮੀਦਵਾਰਾਂ ਵਿਚ ਹੁਸ਼ਿਆਰਪੁਰ ਤੋਂ ਰਾਕੇਸ਼ ਕੁਮਾਰ ਸੁਮਨ, ਫ਼ਿਰੋਜ਼ਪੁਰ ਤੋਂ ਸੁਰਿੰਦਰ ਕੰਬੋਜ, ਸੰਗਰੂਰ ਤੋਂ ਡਾ: ਮੱਖਣ ਸਿੰਘ, ਪਟਿਆਲਾ ਤੋਂ ਜਗਜੀਤ ਸਿੰਘ, ਜਲੰਧਰ ਤੋਂ ਬਲਵਿੰਦਰ ਕੁਮਾਰ, ਫ਼ਰੀਦਕੋਟ ਤੋਂ ਗੁਰਬਖਸ਼ ਸਿੰਘ ਚੌਹਾਨ, ਬਠਿੰਡਾ ਤੋਂ ਲਖਵੀਰ ਸਿੰਘ ਨਿੱਕਾ, ਫ਼ਤਹਿਗੜ੍ਹ ਸਾਹਿਬ ਤੋਂ ਕੁਲਵੰਤ ਸਿੰਘ ਮਹਾਤੋਂ ਸ਼ਾਮਿਲ ਹਨ, ਗੁਰਦਾਸਪੁਰ ਤੋਂ ਇੰਜੀਨੀਅਰ ਰਾਜ ਕੁਮਾਰ, ਖਡੂਰ ਸਾਹਿਬ ਤੋਂ ਇੰਜੀਨੀਅਰ ਸਤਨਾਮ ਸਿੰਘ, ਅੰਮ੍ਰਿਤਸਰ ਤੋਂ ਵਿਸ਼ਾਲ ਸਿੱਧੂ ਅਤੇ ਲੁਧਿਆਣਾ ਤੋਂ ਦਵਿੰਦਰ ਸਿੰਘ ਪਨੇਸਰ ਰਾਮਗੜ੍ਹੀਆ ਨੂੰ ਉਮੀਦਵਾਰ ਬਣਾਇਆ ਗਿਆ ਹੈ।

**ਵੋਟਾਂ ਤੋਂ ਪਹਿਲਾਂ ਦਿੱਲੀ 'ਚ ਕਾਂਗਰਸ ਨੂੰ ਵੱਡਾ ਝਟਕਾ, ਸਾਬਕਾ ਸੂਬਾ ਪ੍ਰਧਾਨ ਅਰਵਿੰਦਰ ਲਵਲੀ ਭਾਜਪਾ 'ਚ ਸ਼ਾਮਲ** : ਅਰਵਿੰਦਰ ਸਿੰਘ ਲਵਲੀ ਨੇ ਹਾਲ ਹੀ ਵਿੱਚ ਦਿੱਲੀ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਲਵਲੀ ਕਾਂਗਰਸ ਦੇ ਆਮ ਆਦਮੀ ਪਾਰਟੀ ਨਾਲ ਗਠਜੋੜ ਕਰਨ ਦੇ ਖ਼ਿਲਾਫ਼ ਸਨ। ਉਹ ਪਹਿਲਾਂ ਵੀ ਭਾਜਪਾ ਵਿਚ ਰਹਿ ਚੁੱਕੇ ਹਨ।

ਇਸ ਤੋਂ ਪਹਿਲਾਂ 2017 ਵਿੱਚ ਦਿੱਲੀ ਨਗਰ ਨਿਗਮ ਚੋਣਾਂ ਤੋਂ ਪਹਿਲਾਂ ਲਵਲੀ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ ਪਰ ਕੁਝ ਮਹੀਨਿਆਂ ਵਿੱਚ ਹੀ ਕਾਂਗਰਸ ਵਿੱਚ ਵਾਪਸ ਆ ਗਏ ਸਨ।








ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243





ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ









ਸਾਬਤ ਸੂਰਤਿ ਦਸਤਾਰ ਸਿਰਾ

ਦਸਤਾਰਾਂ ਹੀ ਦਸਤਾਰਾਂ



ਰੰਧਾਵਾ ਪਗੜੀ ਸੈਂਟਰ



ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।

✤ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।

ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।

ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446

ASA Gas Heating Solution Ltd.

Boilers | Gas Safety Inspections
Certificates | Plumbing Work
Gas Work
Cylinders
Maintenance Services

Vaillant APPROVED INSTALLER | WORCESTER Bosch Group

ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ

Mr. Simran Singh : 0749 534 2620
asagasheatingsolutions@gmail.com
Call us now for a Free no-olbigation quote

# THE GURBANI SCHOOL

THE GURBANI SCHOOL

## ਗੁਰਬਾਣੀ ਦਾ ਸ਼ੁੱਧ ਉਚਾਰਣ ਸਿੱਖਣ ਲਈ ਗੁਰਬਾਣੀ ਸਕੂਲ ਡਾਊਨਲੋਡ ਕਰੋ।

## LEARN THE CORRECT PRONUNCIATION OF GURBANI IN THE CONVENIENCE OF YOUR OWN HOME

GET IT ON Google Play

Download on the App Store




ਆਵਾਜ਼ਿ ਕੌਮ AWAZE QAUM International Newspaper & WEB TV

**INTERACTIVE LEARNING**
ਕਲਿੱਕ ਕਰੋ ਅਤੇ ਸਹੀ ਉਚਾਰਣ ਸੁਣੋ
CLICK & LISTEN TO THE CORRECT PRONUNCIATION

8 **EIGHT PRAYERS AVAILABLE**
ਅੱਠ ਬਾਣੀਆਂ ਸਿੱਖਣ ਲਈ ਉਪਲਬਧ ਹਨ
EIGHT DAILY PRAYERS AVAILABLE TO LEARN

**AUTO SCROLL GURBANI PLAYER**
ਨਾਲ ਨਾਲ ਪੜ੍ਹੋ ਅਤੇ ਉਚਾਰਣ ਸੁਧਾਰੋ
READ ALONG & IMPROVE THE PRONUNCIATION

ੳ A अ **MULTILINGUAL**
ਨਿੱਤਨੇਮ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਉਪਲਬਧ ਹੈ।
NITNEM IS AVAILABLE IN PUNJABI, HINDI & ENGLISH



ਸ੍ਰੀ ਅਕਾਲ ਜੀ ਸਹਾਇ
ਦੇਗ ਤੇਗ ਫਤਿਹ
ਪੰਥ ਕੀ ਜੀਤ
ਦਮਦਮੀ ਟਕਸਾਲ ਜੱਥਾ ਭਿੰਡਰਾਂ ਮਹਿਤਾ ਵੱਲੋਂ
ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਅਤੇ ਜੂਨ 1984 (ਘੱਲੂਘਾਰੇ) ਦੇ ਸਮੂਹ ਸ਼ਹੀਦਾਂ ਦੀ 40ਵੀਂ ਸ਼ਹੀਦੀ ਵਰ੍ਹੇਗੰਢ ਨੂੰ ਸਮਰਪਿਤ
ਸ਼ਬਦ ਕੀਰਤਨ ਅਤੇ
ਕਥਾ ਸਮਾਗਮ
1 ਮਈ ਤੋਂ 31 ਮਈ 2024 ਤੱਕ
ਰੋਜ਼ਾਨਾ ਸ਼ਾਮ 6 ਤੋਂ 8 ਵਜੇ ਤੱਕ
ਆਵਾਜ਼ਿ ਕੌਮ AWAZE QAUM International Newspaper & WEB TV
ਮਹਿਤਾ ਚੌਂਕ ਤੇ ਆਸ ਪਾਸ ਦੇ ਪਿੰਡਾਂ ਵਿੱਚ ਆਯੋਜਿਤ ਕੀਤੇ ਜਾ ਰਹੇ ਹਨ। ਜਿਸ ਵਿੱਚ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ 'ਭਿੰਡਰਾਂਵਾਲੇ' ਸ਼ਬਦ ਵਿਚਾਰ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।
1 ਮਈ ਬੁੱਧਵਾਰ ਜਬੋਵਾਲ ਸ਼ਾਮ 6 ਤੋਂ 8 ਵਜੇ ਤੱਕ
2 ਮਈ ਵੀਰਵਾਰ ਜੱਫਰਵਾਲ ਸ਼ਾਮ 6 ਤੋਂ 8 ਵਜੇ ਤੱਕ
3 ਮਈ ਸ਼ੁੱਕਰਵਾਰ ਸਹਾਇਪੁਰ ਸ਼ਾਮ 6 ਤੋਂ 8 ਵਜੇ ਤੱਕ
4 ਮਈ ਸ਼ਨੀਵਾਰ ਮੁਰਾਦਪੁਰ ਸ਼ਾਮ 6 ਤੋਂ 8 ਵਜੇ ਤੱਕ
5 ਮਈ ਐਤਵਾਰ ਗੁਰੂ ਕੀ ਬੇਰ ਸਾਹਿਬ ਮੱਤੇਵਾਲ ਸ਼ਾਮ 5 ਤੋਂ 7 ਵਜੇ ਤੱਕ
6 ਮਈ ਸੋਮਵਾਰ ਕਾਹਲਵਾ ਸ਼ਾਮ 6 ਤੋਂ 8 ਵਜੇ ਤੱਕ
7 ਮਈ ਮੰਗਲਵਾਰ ਉੱਦੋ ਨੰਗਲ ਸ਼ਾਮ 6 ਤੋਂ 8 ਵਜੇ ਤੱਕ
8 ਮਈ ਬੁੱਧਵਾਰ ਬਾਬੋਵਾਲ ਸ਼ਾਮ 6 ਤੋਂ 8 ਵਜੇ ਤੱਕ
9 ਮਈ ਵੀਰਵਾਰ ਧਰਦਿਉ ਸ਼ਾਮ 6 ਤੋਂ 8 ਵਜੇ ਤੱਕ
10 ਮਈ ਸ਼ੁੱਕਰਵਾਰ ਧਿਆਨਪੁਰ ਸ਼ਾਮ 6 ਤੋਂ 8 ਵਜੇ ਤੱਕ
11 ਮਈ ਸ਼ਨੀਵਾਰ ਗੁ: ਬਾਬਾ ਪੱਲਾ ਜੀ ਬੁਤਾਲਾ ਸ਼ਾਮ 6 ਤੋਂ 8 ਵਜੇ ਤੱਕ
12 ਮਈ ਐਤਵਾਰ ਸਦਾਰੰਗ ਸ਼ਾਮ 6 ਤੋਂ 8 ਵਜੇ ਤੱਕ
13 ਮਈ ਸੋਮਵਾਰ ਸੂਸਾ ਸ਼ਾਮ 6 ਤੋਂ 8 ਵਜੇ ਤੱਕ
14 ਮਈ ਮੰਗਲਵਾਰ ਗੁ: ਬਾਬਾ ਮਤ੍ਰ ਜੀ ਮੀਕੇ ਸ਼ਾਮ 6 ਤੋਂ 8 ਵਜੇ ਤੱਕ
15 ਮਈ ਬੁੱਧਵਾਰ ਭਾਮ ਸ਼ਾਮ 6 ਤੋਂ 8 ਵਜੇ ਤੱਕ
16 ਮਈ ਵੀਰਵਾਰ ਭਲਾਈਪੁਰ ਪੁਰਬਾ ਸ਼ਾਮ 6 ਤੋਂ 8 ਵਜੇ ਤੱਕ
17 ਮਈ ਸ਼ੁੱਕਰਵਾਰ ਨਿੱਕੇ ਘੁੰਮਣ ਸ਼ਾਮ 6 ਤੋਂ 8 ਵਜੇ ਤੱਕ
18 ਮਈ ਸ਼ਨੀਵਾਰ ਗੁ: ਕੰਧ ਸਾਹਿਬ (ਬਟਾਲਾ) ਸ਼ਾਮ 6 ਤੋਂ 8 ਵਜੇ ਤੱਕ
19 ਮਈ ਐਤਵਾਰ ਗੁ: ਬਾਬਾ ਬਕਾਲਾ ਸਾਹਿਬ ਸਵੇਰੇ 10 ਤੋਂ 12 ਵਜੇ ਤੱਕ ਸਿਆਲਕਾ
20 ਮਈ ਸੋਮਵਾਰ ਲੀਲ ਕਲਾਂ ਸ਼ਾਮ 6 ਤੋਂ 8 ਵਜੇ ਤੱਕ
21 ਮਈ ਮੰਗਲਵਾਰ ਚੌਧਰੀਵਾਲ ਸ਼ਾਮ 6 ਤੋਂ 8 ਵਜੇ ਤੱਕ
22 ਮਈ ਬੁੱਧਵਾਰ ਤਰਸਿੱਕਾ ਭਗਤਾਂ ਦਾ ਡੇਰਾ ਸ਼ਾਮ 6 ਤੋਂ 8 ਵਜੇ ਤੱਕ
23 ਮਈ ਵੀਰਵਾਰ ਤਾਹਰਪੁਰ ਸ਼ਾਮ 6 ਤੋਂ 8 ਵਜੇ ਤੱਕ
24 ਮਈ ਸ਼ੁੱਕਰਵਾਰ ਬਾਸਰਪੁਰ ਰਾਤ 8 ਤੋਂ 10 ਵਜੇ ਤੱਕ
25 ਮਈ ਸ਼ਨੀਵਾਰ ਖੱਬੇ ਰਾਜਪੂਤਾਂ ਸ਼ਾਮ 6 ਤੋਂ 8 ਵਜੇ ਤੱਕ
26 ਮਈ ਐਤਵਾਰ ਭੀਲੋਵਾਲ ਸ਼ਾਮ 6 ਤੋਂ 8 ਵਜੇ ਤੱਕ
27 ਮਈ ਸੋਮਵਾਰ ਜੇਠੂਵਾਲ ਸ਼ਾਮ 6 ਤੋਂ 8 ਵਜੇ ਤੱਕ
28 ਮਈ ਮੰਗਲਵਾਰ ਗੁ: ਰਾਮ ਥੰਮਣ ਸਾਹਿਬ ਮਨੇਸ਼ ਸ਼ਾਮ 6 ਤੋਂ 8 ਵਜੇ ਤੱਕ
29 ਮਈ ਬੁੱਧਵਾਰ ਮੋਹਣੀਆ ਕੁਹਾਰਾ ਸ਼ਾਮ 6 ਤੋਂ 8 ਵਜੇ ਤੱਕ
30 ਮਈ ਵੀਰਵਾਰ ਜਲਾਲ ਉਸਮਾ ਸ਼ਾਮ 6 ਤੋਂ 8 ਵਜੇ ਤੱਕ
31 ਮਈ ਸ਼ੁੱਕਰਵਾਰ ਮਹਿਤਾ ਚੌਂਕ ਸ਼ਾਮ 6 ਤੋਂ 8 ਵਜੇ ਤੱਕ
1-2-3-4-5 ਜੂਨ 2024 ਰੋਜ਼ਾਨਾ ਸ਼ਾਮ 4.00 ਤੋਂ 6.00 ਵਜੇ ਤੱਕ
ਸੰਗਤਾਂ ਨੂੰ ਬੇਨਤੀ ਹੈ ਕਿ 6 ਜੂਨ 2024, ਵੀਰਵਾਰ ਨੂੰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਂਕ ਮਹਿਤਾ ਵਿਖੇ ਪਹੁੰਚੋ ਜੀ
ਜਾਰੀ ਕਰਤਾ:
ਖਾਲਸਾ ਅਕੈਡਮੀ
ਖਾਲਸਾ
I.C.S.E. Board Pre-Nur to 8th
ਖਾਲਸਾ ਹੋਸਟਲ
Fully A.C.
ਖਾਲਸਾ
ਦਾਖ਼ਲਾ ਸ਼ੁਰੂ
99155-85685
ਸੰਪਰਕ: 99158-00904, 97793-10040, 98158-14158, 84376-91626





ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# 6 ਜੂਨ 1984 ਦੇ 40ਵੇਂ ਘੱਲੂਘਾਰੇ ਨੂੰ ਸਮਰਪਿਤ 40 ਦਿਨ ਵਾਹਿਗੁਰੂ ਸਿਮਰਨ

**ਜੂਨ 1984 ਦੇ ਸਮੂਹ ਸ਼ਹੀਦ ਕੀਤੇ ਸਿੰਘ ਸਿੰਘਣੀਆਂ ਭੁਝੰਗੀਆਂ ਦੀਆਂ ਸ਼ਹੀਦੀਆਂ ਨੂੰ ਸਮਰਪਿਤ 40 ਦਿਨ ਨਾਮ ਸਿਮਰਨ ਕਰਵਾਇਆ ਜਾ ਰਿਹਾ ਹੈ**

• 27 ਅਪ੍ਰੈਲ ਸ਼ਨਿੱਚਰਵਾਰ ਸ਼ਾਮ 5 ਵਜੇ ਪਹਿਲੇ ਦਿਨ ਦੀ ਵਾਹਿਗੁਰੂ ਸਿਮਰਨ ਦੀ ਆਰੰਭਤਾ ਹੋਵੇਗੀ • 8 ਜੂਨ 2024 ਸ਼ਨਿੱਚਰਵਾਰ ਸ਼ਾਮ 6 ਵਜੇ ਸਮਾਪਤੀ ਹੋਵੇਗੀ

ਸਮੇਂ ਦਾ ਵੇਰਵਾ : ਹਰ ਸ਼ਨਿੱਚਰਵਾਰ ਸ਼ਾਮ 5 ਤੋਂ 6 ਵਜੇ ਤੱਕ, ਬਾਕੀ ਸਾਰੇ ਦਿਨ ਹਰ ਰੋਜ ਸ਼ਾਮ 7 ਵਜੇ ਆਰੰਭਤਾ, 8 ਵਜੇ ਵਾਹਿਗੁਰੂ ਸਿਮਰਨ ਦੀ ਸਮਾਪਤੀ ਹੋਵੇਗੀ।

**☛ ਵੱਧ ਤੋਂ ਵੱਧ ਸ਼ੇਅਰ ਜ਼ਰੂਰੀ ਕਰਨਾ ਜੀ**

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

**★ ਗੁਰੂ ਪੰਥ ਦੇ ਦਾਸਰੇ ★**

ਸਾਧ ਸੰਗਤ, ਪ੍ਰਬੰਧਕ ਕਮੇਟੀ
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

Gurdwara Sahib Shaeed Baba Deep Singh ji Damdami Taksaal
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

ਘੜੀਐ ਸਬਦੁ ਸਚੀ ਟਕਸਾਲ ।।

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



## ਮਹਾਨ ਅਵਤਾਰ ਪੁਰਬ

ਅਵਤਾਰ ਪੁਰਬ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਅਵਤਾਰ ਪੁਰਬ ਧੰਨ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਅਤੇ ਸ਼ਹੀਦੀ ਜੋੜ ਮੇਲਾ ਚਾਲੀ ਮੁਕਤੇ ਸ੍ਰੀ ਮੁਕਤਸਰ ਸਾਹਿਬ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ



ਭਾਰਤ ਦੀ ਕਾਂਗਰਸ ਸਰਕਾਰ ਨੇ ਜੂਨ 1984 ਘੱਲੂਘਾਰੇ 'ਤੇ ਕੀਤੇ ਸ਼ਹੀਦ ਸਿੰਘ ਸਿੰਘਣੀਆਂ ਭੁਝੰਗੀਆਂ ਦੀ ਸ਼ਹੀਦੀ ਨੂੰ ਸਮਰਪਿਤ 40 ਦਿਨ ਹਰ ਰੋਜ ਸੋਮਵਾਰ ਤੋਂ ਸ਼ੁੱਕਰਵਾਰ ਸ਼ਾਮ ਨੂੰ 7 ਤੋਂ 8 ਵਜੇ ਤੱਕ ਵਾਹਿਗੁਰੂ ਦਾ ਅਭਿਆਸ ਸਿਮਰਨ ਹੋਵੇਗਾ।

ਸ਼ਨਿੱਚਰਵਾਰ 4 ਮਈ ਸ਼ਾਮ 5 ਤੋਂ 6 ਵਜੇ ਤੱਕ ਵਾਹਿਗੁਰੂ ਸਿਮਰਨ 6 ਤੋਂ 8 ਵਜੇ ਤੱਕ ਦੀਵਾਨ ਸਜਣਗੇ।

ਐਤਵਾਰ 5 ਮਈ 6:30 ਵਜੇ ਸਵੇਰੇ ਚਪੈਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9:30 ਵਜੇ ਭੋਗ ਪੈਣਗੇ। ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ।

ਕਥਾ ਵਾਚਕ ਭਾਈ ਮਨਜੀਤ ਸਿੰਘ ਗੁਰਦਾਸਪੁਰ ਵਾਲੇ ਕਥਾ ਰਾਹੀਂ ਗੁਰਬਾਣੀ ਕਥਾ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

☛ ਸਟਾਲ ਵੀ ਲੱਗਣਗੇ
☛ ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

## ★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap
26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778




ਆਵਾਜ਼ਿ ਕੌਮ
AWAZE QAUM
International Newspaper & WEB TV

ਸੰਤ ਚਰਨਜੀਤ ਸਿੰਘ ਜੱਸੋਵਾਲ ਵੱਲੋਂ ਸੰਸਾਰ ਦੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਆਪਣੇ ਸਾਰੇ ਵਹੀਕਲਾਂ ਤੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਦੋ ਜੂਨ ਰੋਡੇ ਪੁੱਜਣ ਵਾਲੇ ਸਟਿੱਕਰ ਲਾ ਕੇ ਸੰਤਾਂ ਦੀਆਂ ਖੁਸ਼ੀਆਂ ਲਵੋ।



--✶ ਗੁਰੂ ਗ੍ਰੰਥ ਪੰਥ ਦੇ ਦਾਸ ✶--

**ਜਥੇਬੰਦੀ ਦਮਦਮੀ ਟਕਸਾਲ ਭਿੰਡਰਾਂਵਾਲੇ**




ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਦਮਦਮੀ ਟਕਸਾਲ ਮਹਿਤਾ ਵੱਲੋਂ

# ਤੀਸਰੇ ਦਿਨ ਦੇ ਸ਼ਹੀਦੀ ਦੀਵਾਨ ਪਿੰਡ ਸਹਾਇਪੁਰ ਵਿਖੇ ਸਜੇ



**ਚੌਕ ਮਹਿਤਾ, 04 ਮਈ(ਬਾਬਾ ਸੁਖਵੰਤ ਸਿੰਘ ਚੰਨਣਕੇ)**-ਦਮਦਮੀ ਟਕਸਾਲ ਮਹਿਤਾ ਵੱਲੋਂ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਰਹਿਨੁਮਾਈ ਹੇਠ 6 ਜੂਨ ਨੂੰ ਟਕਸਾਲ ਹੈੱਡ ਕੁਆਟਰ ਗੁ.ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਮਨਾਈ ਜਾ ਰਹੀ ਤੀਸਰੇ ਘੱਲੂਘਾਰੇ ਦੇ ਸਮੂਹ ਸ਼ਹੀਦੀ ਦੀ 40ਵੀਂ ਸ਼ਹੀਦੀ ਵਰ੍ਹੇਗੰਢ ਦੇ ਚੱਲਦਿਆਂ 1 ਮਈ ਤੋਂ ਵੱਖ ਵੱਖ ਨਗਰਾਂ 'ਚ ਆਰੰਭ ਕੀਤੇ ਗਏ ਸ਼ਬਦ ਕੀਰਤਨ ਤੇ ਕਥਾ ਸਮਾਗਮ ਦੀ ਲੜੀ ਤਹਿਤ ਬੀਤੀਂ ਸ਼ਾਮ ਦੇ ਦੀਵਾਨ ਪਿੰਡ ਸਹਾਇਪੁਰ ਵਿਖੇ ਸਜਾਏ ਗਏ।ਇਸ ਸਮਾਗਮ 'ਚ ਦਮਦਮੀ ਟਕਸਾਲ ਦੇ ਵਿਦਿਆਰਥੀਆਂ ਵੱਲੋਂ ਸ਼ਬਦ ਕੀਰਤਨ ਕੀਤੇ ਜਾਣ ਉਪਰੰਤ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਸੰਗਤਾਂ ਨੂੰ 1984 'ਚ ਵਾਪਰੇ ਤੀਸਰੇ ਘੱਲੂਘਾਰੇ ਦੇ ਇਤਿਹਾਸਕ ਪਲਾਂ ਤੋਂ ਜਾਣੂ ਕਰਾਇਆ।ਉਨ੍ਹਾਂ ਕਿਹਾ ਕਿ ਇਸ ਘੱਲੂਗਾਰੇ ਦੌਰਾਨ ਕੌਮ ਦੇ ਸੂਰਬੀਰ ਯੋਧਿਆਂ ਨੇ ਆਪਣੇ ਗੁਰਧਾਮਾਂ ਦੀ ਰੱਖਿਆ ਕਰਦੇ ਹੋਏ ਕੌਮ ਦੀ ਚੜ੍ਹਦੀ ਕਲਾ ਲਈ ਜਾਬਰ ਤੇ ਜ਼ੁਲਮ ਦਾ ਡੱਟ ਕੇ ਸਾਹਮਣਾ ਕੀਤਾ ਤੇ ਸ਼ਹੀਦੀ ਜਾਮ ਪੀਤੇ ।ਇਸਦੇ ਨਾਲ ਹੀ ਉਨ੍ਹਾਂ ਨੇ ਕਥਾ ਦੀ ਲੜੀ ਨੂੰ ਅੱਗੇ ਤੋਰਦੇ ਹੋਏ ਸੂਰਜ ਪ੍ਰਕਾਸ਼ ਗ੍ਰੰਥ 'ਚੋਂ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਬ੍ਰਿਤਾਂਤ ਦਾ ਪ੍ਰਸੰਗ ਸਰਵਣ ਕਰਾਇਆ। ਕਥਾ ਸਮਾਪਤੀ 'ਤੇ ਉਨ੍ਹਾਂ ਨੇ ਦੇਸ਼ ਵਿਦੇਸ਼ 'ਚ ਵੱਸਦੀਆਂ ਸਮੂਹ ਸੰਗਤਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਵੱਧ ਚੜ੍ਹ ਕੇ ਇੰਨ੍ਹਾਂ ਸਮਾਗਮਾਂ 'ਚ ਹਾਜ਼ਰੀ ਭਰਨ ਤੇ 6 ਜੂਨ ਨੂੰ ਦਮਦਮੀ ਟਕਸਾਲ ਦੇ ਹੈੱਡ ਕੁਆਟਰ ਗੁ.ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਪੁੱਜ ਕੇ ਕੌਮ ਦੇ ਸ਼ਹੀਦਾਂ ਨੂੰ ਸਤਿਕਾਰ ਦੇਣ।ਉਨ੍ਹਾਂ ਨੇ ਕਿਹਾ ਕਿ ਇਸ ਸਾਲ ਦੇ ਸਮਾਗਮ ਬਹੁਤ ਵਿਸ਼ੇਸ਼ ਹੋਣਗੇ ,ਜੋ ਤੀਸਰੇ ਘੱਲੂਘਾਰੇ ਦੇ 40ਵੀਂ ਸ਼ਹੀਦੀ ਵਰ੍ਹੇਗੰਢ ਨੂੰ ਸਮਰਪਿਤ ਹੋਣਗੇ।ਉਨ੍ਹਾਂ ਕਿਹਾ ਕਿ ਦਮਦਮੀ ਟਕਸਾਲ ਨੇ ਕੌਮ ਦੇ ਹਿੱਤਾਂ ਉਪੱਰ ਡੱਟ ਕੇ ਪਹਿਰਾ ਦਿੰਦੇ ਹੋਏ ਆਪਣੇ ਸ਼ਹੀਦਾਂ ਦੀ ਯਾਦ ਨੂੰ ਹਰ ਸਾਲ ਵੱਡੇ ਪੱਧਰ 'ਤੇ ਮਨਾਇਆ ਹੈ ਤੇ ਭਵਿੱਖ ਅੰਦਰ ਵੀ ਇਸ ਸੇਵਾ ਨੂੰ ਹਮੇਸ਼ਾਂ ਨਿਭਾਉਂਦੀ ਰਹੇਗੀ।

ਇਸ ਮੌਕੇ ਮੰਚ ਸੰਚਾਲਕ ਪ੍ਰਿੰ.ਗੁਰਦੀਪ ਸਿੰਘ ਰੰਧਾਵਾ, ਜਥੇਦਾਰ ਬਾਬਾ ਅਜੀਤ ਸਿੰਘ ਮੁਖੀ ਤਰਨਾ ਦਲ,ਸਾਬਕਾ ਡੀ.ਐੱਸ.ਪੀ.ਸੁੱਚਾ ਸਿੰਘ, ਜਥੇਦਾਰ ਸੁਖਦੇਵ ਸਿੰਘ ਮੁੱਖ ਬੁਲਾਰਾ ਦਮਦਮੀ ਟਕਸਾਲ,ਗਿਆਨੀ ਸਾਹਿਬ ਸਿੰਘ, ਭਾਈ ਹਰਸ਼ਦੀਪ ਸਿੰਘ ਰੰਧਾਵਾ ,ਭਾਈ ਅਵਤਾਰ ਸਿੰਘ ਬੁੱਟਰ , ਜਥੇਦਾਰ ਬਾਬਾ ਬੋਹੜ ਸਿੰਘ ਭਾਈ ਕਸ਼ਮੀਰ ਸਿੰਘ,ਭਾਈ ਬਲਵਿੰਦਰ ਸਿੰਘ,ਭਾਈ ਜਸਬੀਰ ਸਿੰਘ ਜਫਰਵਾਲ,ਭਾਈ ਰਵੀਪਾਲ ਸਿੰਘ,ਜਥੇਦਾਰ ਕਿਰਪਾ ਸਿੰਘ,ਭਾਈ ਗੁਰਪ੍ਰੀਤ ਸਿੰਘ, ਭਾਈ ਸਤਨਾਮ ਸਿੰਘ,ਪ੍ਰਬੰਧਕ ਕਮੇਟੀ ਤੇ ਇਲਾਕਾ ਮੋਹਤਬਰਾਂ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

### ਸ਼ੈਲਿੰਦਰਜੀਤ ਸਿੰਘ ਰਾਜਨ ਦਾ ਗੁਰਦਿਆਲ ਸਿੰਘ ਫੁੱਲ ਯਾਦਗਾਰੀ ਐਵਾਰਡ ਨਾਲ ਸਨਮਾਨ

# ਸ਼ਾਇਰਾ ਰੁਬਿੰਦਰ ਕੌਰ ਅਤੇ ਲਵਲੀਨ ਕੌਰ ਛੀਨਾ ਦੀ ਪੁਸਤਕ ਦੀਆ ਪੁਸਤਕਾਂ ਲੋਕ ਅਰਪਣ



**ਚੌਕ ਮਹਿਤਾ, 4 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ)** -ਜਸਪਾਲ ਹੰਜਰਾਅ ਸਾਹਿਤਕ ਮੰਚ ਫਤਿਹਗੜ੍ਹ ਚੂੜੀਆਂ ਵੱਲੋਂ ਮਈ ਦਿਵਸ ਨੂੰ ਸਮਰਪਿਤ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਪੁਸਤਕ ਲੋਕ ਅਰਪਣ ਸਮਾਗਮ ਅਤੇ ਸਨਮਾਨ ਸਮਾਰੋਹ ਸੰਤ ਬਾਬਾ ਜਗਤ ਸਿੰਘ ਸੀਨੀ. ਸੈਂਕੰ. ਸਕੂਲ ਹਰਸ਼ਾ ਛੀਨਾ ਵਿਖੇ ਕਰਵਾਇਆ ਗਿਆ। ਇਸ ਮੌਕੇ ਆਸਟ੍ਰੇਲੀਆ ਵਾਸੀ ਰੁਬਿੰਦਰ ਕੌਰ ਦੀ ਕਾਵਿ ਕਿਤਾਬ 'ਚੇਤਨਾ ਦੀ ਲੋਅ' ਅਤੇ ਲਵਲੀਨ ਕੌਰ ਛੀਨਾ ਦੀ ਸੰਪਾਦਿਤ ਪੁਸਤਕ 'ਸ਼ਗਨਾਂ ਦੇ ਗੀਤ'( ਮਾਂ- ਧੀ ਦੀਆਂ ਪੁਸਤਕਾਂ) ਲੋਕ ਅਰਪਣ ਕੀਤੀਆਂ ਗਈਆਂ। ਇਸ ਮੌਕੇ ਮੁੱਖ ਮਹਿਮਾਨ ਵਜੋਂ ਬਾਬਾ ਹਰਭਜਨ ਸਿੰਘ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ, ਸਕੱਤਰ ਦੀਪ ਦੇਵਿੰਦਰ ਸਿੰਘ, ਅਮਨਦੀਪ ਸਿੰਘ ਛੀਨਾ,ਹਰਜੀਤ ਸਿੰਘ ਸੰਧੂ ਅਤੇ ਹਰਪਾਲ ਸਿੰਘ ਨਾਗਰਾ ਹਾਜ਼ਰ ਸਨ। ਇਸ ਮੌਕੇ ਡਾ. ਸੁਖਵਿੰਦਰ ਸਿੰਘ ਨੇ ਦੋਵਾਂ ਕਿਤਾਬਾਂ 'ਤ ਪੇਪਰ ਪੜਦਿਆਂ ਕਿਹਾ ਕਿ ਜਿੱਥੇ ਅਜੋਕੇ ਸਮਾਜ ਨੂੰ "ਚੇਤਨਾ ਦੀ ਲੋਅ" ਵਰਗੀਆਂ ਲੋਕ ਪੱਖੀ ਕਿਤਾਬਾਂ ਦੀ ਲੋੜ ਹੈ, ਉੱਥੇ ਲੋਕ ਮਨਾਂ ਚੋਂ ਵਿਸਰ ਰਹੇ "ਸ਼ਗਨਾਂ ਦੇ ਗੀਤ" ਵਰਗੇ ਵਿਰਾਸਤੀ ਤੇ ਸੱਭਿਆਚਾਰਿਕ ਗੀਤਾਂ ਦੀ ਬੇਹੱਦ ਜ਼ਰੂਰਤ ਹੈ। ਇਸ ਮੌਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ਼ੈਲਿੰਦਰਜੀਤ ਸਿੰਘ ਰਾਜਨ ਨੂੰ ਸ੍ਰ. ਗੁਰਦਿਆਲ ਸਿੰਘ ਫੁੱਲ ਯਾਦਗਾਰੀ ਐਵਾਰਡ ਅਤੇ ਪੰਜਾਬੀ ਸ਼ਾਇਰ ਗੁਰਮੀਤ ਸਿੰਘ ਬਾਜਵਾ ਨੂੰ ਸ੍ਰ. ਜਸਵੰਤ ਸਿੰਘ ਰਾਹੀ ਯਾਦਗਾਰੀ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਏ ਕਵੀ ਦਰਬਾਰ ਵਿੱਚ ਸੁਖਦੇਵ ਸਿੰਘ ਕਾਹਲੋਂ, ਧਰਵਿੰਦਰ ਔਲ਼ਖ, ਮੱਖਣ ਸਿੰਘ ਭੈਣੀਵਾਲਾ,ਮਨਜੀਤ ਸਿੰਘ ਵੱਸੀ, ਜਸਪਾਲ ਸਿੰਘ ਧੂਲਕਾ, ਸਰਤਾਜ ਜਲਾਲਾਬਾਦੀ, ਸਤਪਾਲ ਸਿੰਘ ਸੱਤਾ, ਅਮਨਪ੍ਰੀਤ ਸਿੰਘ, ਰਜਿੰਦਰ ਸਿੰਘ, ਸੁਖਵੰਤ ਕੌਰ ਵੱਸੀ, ਰਾਜਵਿੰਦਰ ਕੌਰ ਰਾਜ, ਸੁਰਿੰਦਰ ਖਿਲਚੀਆਂ, ਦਿਲਰਾਜ ਸਿੰਘ ਦਰਦੀ, ਹਰਪਾਲ ਸਿੰਘ ਵੇਰਕਾ, ਰਜੀਵ ਮੈਹਣੀਆਂ, ਮਜਲਸ ਤੋਂ ਹਰਦਰਸ਼ਨ ਕਮਲ, ਨਿਸ਼ਾਨ ਸਿੰਘ, ਅਜੀਤ ਸਿੰਘ ਨਬੀਪੁਰੀ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ।ਸਾਹਿਤਕ ਸਮਾਗਮ ਮੌਕੇ ਪ੍ਰਿੰਸੀਪਲ ਨਿਰਮਲ ਸਿੰਘ, ਵਜ਼ੀਰ ਸਿੰਘ ਰੰਧਾਵਾ, ਹਰਜੀਤ ਸਿੰਘ ਸੰਧੂ, ਭੁਪਿੰਦਰਪਾਲ ਸਿੰਘ ਨਾਗਰਾ, ਕੁਲਵੰਤ ਕੌਰ, ਮਨਿੰਦਰ ਸਿੰਘ ਨਾਗਰਾ, ਹਰਜੋਤ ਕੌਰ, ਗੁਰਸ਼ੇਰ ਸਿੰਘ, ਅਜੈਪਾਲ ਸਿੰਘ, ਅਮਰਜੀਤ ਕੌਰ, ਗੋਲਡੀ ਫੁੱਲ, ਰਜਿੰਦਰ ਸਿੰਘ ਬੰਟੂ, ਪਰਮਜੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਲੇਖਕ ਹਾਜ਼ਰ ਸਨ।

# ਜਨਤਾ ਹਸਪਤਾਲ ਵੱਲੋਂ ਦਿਲ ਦੀਆਂ ਬਿਮਾਰੀਆਂ ਸੰਬੰਧੀ ਸੈਮੀਨਾਰ ਕਰਵਾਇਆ ਗਿਆ



**ਚੌਕ ਮਹਿਤਾ, 4 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ )** - ਅੰਮ੍ਰਿਤਸਰ ਦੀ ਉਘੀ ਐਨ.ਜੀ.ਓ ਮਾਤਾ ਗੁਜ਼ਰੀ ਜੀ ਵੈਲਫੇਅਰ ਸੋਸਾਇਟੀ ਵੱਲੋਂ ਜਨਤਾ ਹਸਪਤਾਲ ਏਅਰਪੋਰਟ ਰੋਡ ਵਿਖੇ ਦਿਲ ਦੀਆਂ ਬਿਮਾਰੀਆਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਇੱਕ ਵਿਸ਼ੇਸ਼ ਸੈਮੀਨਾਰ ਮੁੱਖ ਸੇਵਾਦਾਰ ਹਰਿੰਦਰ ਪਾਲ ਸਿੰਘ ਨਾਰੰਗ ਦੀ ਅਗਵਾਈ ਵਿੱਚ ਕਰਵਾਇਆ ਗਿਆ।ਜਿਸ ਵਿੱਚ ਉੱਤਰ ਭਾਰਤ ਦੇ ਪ੍ਰਸਿੱਧ ਦਿਲ ਦੀਆਂ ਬਿਮਾਰੀਆਂ ਦੇ ਮਾਹਿਰ ਸਰਜਨ ਡਾ.ਮੰਨਨ ਅਨੰਦ ਅਤੇ ਸ਼ੂਗਰ ਰੋਗਾਂ ਦੀ ਮਾਹਿਰ ਮੈਡੀਕਲ ਸਪੈਸ਼ਿਲਸਟ ਡਾ.ਮੈਕਸਿਮਾ ਅਨੰਦ ਨੇ ਦਿਲ ਦੀਆਂ ਬਿਮਾਰੀਆਂ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਇਸ ਮੌਕੇ ਡਾ.ਮੰਨਨ ਅਨੰਦ ਨੇ ਕਿਹਾ ਕਿ ਸਾਨੂੰ ਸਮੇਂ-ਸਮੇਂ ਸਿਰ ਬਲੈਡ ਪ੍ਰੈਸਰ ਚੈਕ ਕਰਵਾਉਂਦੇ ਰਹਿਣਾ ਚਾਹੀਦਾ ਹੈ ਕਿਉਂਕਿ ਬਲੈਡ ਪ੍ਰੈਸਰ ਵਧਣ ਦੇ ਕਾਰਨ ਦਿਲ ਦਾ ਦੌਰਾ,ਸਟ੍ਰੋਕ ਅਤੇ ਹੋਰ ਸਿਹਤ ਸੰਬੰਧੀ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਇਸ ਲਈ ਅਪਣੀ ਜੀਵਨ ਸ਼ੈਲੀ, ਰਹਿਨ ਸਹਿਨ,ਖਾਨ ਪੀਣ ਵਿੱਚ ਬਦਲਾਵ ਲਿਆਉਣਾ ਬਹੁਤ ਜ਼ਰੂਰੀ ਹੈ ਇਸਤੋਂ ਬਚਾਅ ਲਈ ਰੋਜ਼ਾਨਾ ਸੈਰ ਜਾਂ ਕਸਰਤ ਕਰਨੀ ਚਾਹੀਦੀ ਹੈ ਅਤੇ ਸਿਗਰੇਟ ਜਾਂ ਹੋਰ ਨਸ਼ਿਆਂ ਤੋਂ ਅਪਣੇ ਆਪ ਨੂੰ ਬਚਾਉਣਾ ਚਾਹੀਦਾ ਹੈ ਅਪਣੇ ਖਾਨ ਪੀਣ ਨੂੰ ਵਧੀਆ ਬਣਾਉਣਾ ਚਾਹੀਦਾ ਹੈ ਕੈਲਸਟੋਲ ਦੀ ਵੀ ਜਾਂਚ ਕਰਵਾਉਂਦੇ ਰਹਿਣਾ ਚਾਹੀਦਾ ਹੈ।ਡਾ.ਮੰਨਨ ਨੇ ਕਿਹਾ ਕਿ ਜੇਕਰ ਬਲਡ ਪ੍ਰੈਸਰ ਵਧਦਾ ਹੈ ਤਾਂ ਉਸਦੀ ਸਮੇਂ ਸਿਰ ਦਵਾਈ ਜ਼ਰੂਰ ਖਾਣੀ ਚਾਹੀਦੀ ਹੈ।ਉਨ੍ਹਾਂ ਦੱਸਿਆ ਕਿ ਜਲਦੀ ਹੀ ਸਮਾਜ ਸੇਵੀਂ ਸੰਸਥਾਵਾਂ ਦੇ ਸਹਿਯੋਗ ਨਾਲ ਦਿਲ ਦੀਆਂ ਬਿਮਾਰੀਆਂ ਤੋਂ ਲੋਕਾਂ ਨੂੰ ਜਾਗਰੂਕ ਕਰਨ ਲਈ ਇਕ ਵਿਸ਼ੇਸ਼ ਮੁਹਿੰਮ ਆਰੰਭ ਕੀਤੀ ਜਾਵੇਗੀ।ਇਸ ਮੌਕੇ ਜਨਤਾ ਹਸਪਤਾਲ ਦੇ ਐਡਮਿਨਸਟਰੇਟਰ ਡਾ.ਗੁਰਮੀਤ ਸਿੰਘ ਚਾਹਲ,ਡਿਸਟ੍ਰਿਕ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਅੰਮ੍ਰਿਤਸਰ ਦੇ ਚੇਅਰਮੈਨ ਡਾ.ਪ੍ਰਭਜੀਤ ਸਿੰਘ, ਐਸੋਸੀਏਸ਼ਨ ਦੇ ਪ੍ਰਧਾਨ ਡਾ.ਜਸਪ੍ਰੀਤ ਸਿੰਘ, ਬਲਦੇਵ ਸਿੰਘ ਐਲ.ਆਈ.ਸੀ,ਹਰਜਿੰਦਰ ਸਿੰਘ ਬੇਦੀ ਕਾਨੋਗੋਂ, ਡਾ.ਨੀਰਜ, ਡਾ.ਪਲਵੀ, ਮੁਨੀਸ਼ ਠਾਕੁਰ,ਮੈਡਮ ਨਵਜੋਤ ਕੌਰ,ਗੌਰਵ ਮਲਹੋਤਰਾ,ਹਰਪ੍ਰੀਤ ਸਿੰਘ, ਅਤੁਲ ਜੋਸ਼ੀ ਆਦਿ ਹਾਜ਼ਰ ਸਨ।

# ਮਹਿਤਾ ਚੌਂਕ- ਘੁਮਾਣ ਰੋਡ ਤੇ ਵਾਪਰੇ ਦਰਦਨਾਕ ਹਾਦਸੇ ਵਿੱਚ ਇੱਕੋ ਪਰਿਵਾਰ ਦੇ ਤਿੰਨ ਜੀਆਂ ਦੀਆਂ ਮੌਤਾਂ



**ਚੌਕ ਮਹਿਤਾ- 04 ਮਈ- ( ਬਾਬਾ ਸੁਖਵੰਤ ਸਿੰਘ ਚੰਨਣਕੇ)** -ਮਹਿਤਾ ਚੌਂਕ ਤੋਂ ਇਕ ਕਿਲੋਮੀਟਰ ਦੂਰ ਘੁਮਾਣ ਰੋਡ ਤੇ ਖੱਬੇ ਰਾਜਪੂਤਾਂ ਅਤੇ ਸੈਦੂ ਕੇ ਪਿੰਡ ਦੇ ਮੋੜ ਤੇ ਕਣਕ ਦੇ ਨਾੜ ਨੂੰ ਲਗਾਈ ਗਈ ਅੱਗ ਕਾਰਨ ਧੂੰਏ ਵਿੱਚ ਫੱਸ ਕੇ ਇੱਕੋ ਪਰਿਵਾਰ ਦੇ ਤਿੰਨ ਜੀਆਂ ਦੀ ਦਰਦਨਾਕ ਮੌਤ ਹੋ ਗਈ ਮੌਕੇ ਤੋਂ ਮਿਲੀ ਜਾਣਕਾਰੀ ਅਨੁਸਾਰ ਅਮਰਜੋਤ ਸਿੰਘ(35), ਉਸ ਦੀ ਮਾਤਾ ਬਲਬੀਰ ਕੌਰ (78) ਅਤੇ ਅਮਰਜੋਤ ਸਿੰਘ ਦਾ ਛੋਟਾ ਜਿਹਾ ਮਾਸੂਮ ਬੱਚਾ ਅਰਮਾਨ ਸਿੰਘ ਪਿੰਡ ਕੋਟਲਾ ਸੂਬਾ ਸਿੰਘ ਜ਼ਿਲ੍ਹਾ ਗੁਰਦਾਸਪੁਰ ਨੂੰ ਆਪਣੇ ਮੋਟਰਸਾਈਕਲ ਤੇ ਸਵਾਰ ਹੋ ਕੇ ਜਾ ਰਹੇ ਸਨ ਤਾਂ ਖੱਬੇ ਰਾਜਪੂਤਾਂ ਦੇ ਮੋੜ ਤੇ ਕਣਕ ਦੇ ਦੋ ਏਕੜ ਨਾੜ ਨੂੰ ਲਗਾਈ ਅੱਗ ਕਾਰਨ ਤੇਜ਼ ਹਵਾ ਦੇ ਚਲਦਿਆਂ ਸੜਕ ਉੱਤੇ ਫੈਲੇ ਸੰਘਣੇ ਧੂਏ ਵਿੱਚੋਂ ਜਦ ਅਮਰਜੋਤ ਸਿੰਘ ਆਪਣੇ ਮੋਟਰ ਸਾਈਕਲ ਨੂੰ ਲੈ ਕੇ ਲੰਘ ਰਿਹਾ ਸੀ ਤਾਂ ਅੱਗੋਂ ਆਉਂਦੀ ਇੱਕ ਗੱਡੀ ਦੇ ਨਾਲ ਮੋਟਰਸਾਈਕਲ ਟਕਰਾ ਗਿਆ ਅਤੇ ਮੌਕੇ ਤੇ ਹੀ ਤਿੰਨਾਂ ਜੀਆਂ ਦੀਆਂ ਮੌਤਾਂ ਹੋ ਗਈਆਂ। ਹਾਦਸਾ ਇਹਨਾਂ ਦਰਦਨਾਕ ਸੀ ਕਿ ਮਾਸੂਮ ਬੱਚੇ ਅਰਮਾਨ ਸਿੰਘ ਦਾ ਸਿਰ ਬੁਰੀ ਤਰ੍ਹਾਂ ਫਿੱਸ ਗਿਆ ਅਤੇ ਅਮਰਜੋਤ ਸਿੰਘ ਅਤੇ ਉਸਦੀ ਮਾਤਾ ਬਲਬੀਰ ਕੌਰ ਵੀ ਬੁਰੀ ਤਰ੍ਹਾਂ ਕੁਚਲੇ ਗਏ। ਪੁਲਿਸ ਥਾਣਾ ਮਹਿਤਾ ਚੌਂਕ ਦੇ ਮੁਖੀ ਗਗਨਦੀਪ ਸਿੰਘ ਆਪਣੀ ਪੁਲਿਸ ਪਾਰਟੀ ਨੂੰ ਲੈ ਕੇ ਉੱਥੇ ਪਹੁੰਚੇ ਅਤੇ ਉਹਨਾਂ ਵੱਲੋਂ ਬਣਦੀ ਕਾਰਵਾਈ ਅਤੇ ਟਰੱਕ ਦੀ ਭਾਲ ਕੀਤੀ ਜਾ ਰਹੀ ਹੈ।

# ਅਰਜਨ ਮਾਂਗਾ ਅਕੈਡਮੀ ਦਾ ਬੋਰਡ ਦਾ ਨਤੀਜਾ ਰਿਹਾ ਸ਼ਾਨਦਾਰ ਪ੍ਰਿੰਸੀਪਲ ਗੁਰਮੁੱਖ ਸਿੰਘ ਅਰਜਨ ਮਾਂਗਾ



ਚੌਕ ਮਹਿਤਾ 4 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ) ਨਿਰੋਲ ਪੇਂਡੂ ਵਿੱਚ ਸਿੱਖਿਆ ਦਾ ਪਰਸਾਰ ਕਰ ਕਰ ਰਹੀ , ਨਾਮਵਰ ਸੰਸਥਾ ਮੋਨਟੈਸਰੀ ਖਾਲਸਾ ਅਕੈਡਮੀ ( ਸੀਨੀਅਰ ਸੈਕੰਡਰੀ) ਅਰਜਨ ਮਾਂਗਾ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬੋਰਡ ਕਲਾਸਾਂ ਲਈ ਜਾਰੀ ਕੀਤਾ ਗਿਆ ਨਤੀਜਾ 100ਫੀਸਦੀ ਰਿਹਾ ਜਿਸ ਨਾਲ ਪੇਂਡੂ ਖੇਤਰ ਵਿੱਚ ਆਧੁਨਿਕ ਸਿੱਖਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਵਿੱਚ ਭਾਰੀ ਉਤਸਾਹ ਦੇਖਿਆ ਗਿਆ। ਇਸ ਨਤੀਜੇ ਤਹਿਤ ਪੰਜਵੀਂ ਕਲਾਸ ਵਿੱਚੋਂ ਜਪਲੀਨ ਕੌਰ ਸਪੁੱਤਰੀ ਕਵਲਜੀਤ ਸਿੰਘ ਅਤੇ ਲਵਜੋਤ ਸਿੰਘ ਸਪੁੱਤਰ ਚਤਰ ਸਿੰਘ ਨੇ 500 ਵਿੱਚੋਂ 500 ਨੰਬਰ ਪ੍ਰਾਪਤ ਕਰਕੇ ਪਹਿਲਾਂ ਸਥਾਨ ਪ੍ਰਾਪਤ ਕੀਤਾ। ਗੁਰਲੀਨ ਕੌਰ ਸਪੁੱਤਰੀ ਲਵਪਰੀਤ ਸਿੰਘ ਨੇ 498 ਅੰਕ ਗੋਵਿੰਦ ਸਿੰਘ ਸਪੁੱਤਰੀ ਗੁਰਪ੍ਰੀਤ ਸਿੰਘ ਨੇ 494 ਅੰਕ ਪ੍ਰਾਪਤ ਕਰਕੇ ਕ੍ਰਮਵਾਰ ਦੂਸਰਾ ਅਤੇ ਤੀਸਰਾ ਸਥਾਨ ਹਾਸਿਲ ਕੀਤਾ, ਜਦੋਂ ਕਿ ਅਠਵੀਂ ਕਲਾਸ ਵਿੱਚੋਂ ਜੀਨਤ ਗਿੱਲ ਸਪੁੱਤਰੀ ਤਰਸੇਮ ਮਸੀਹ ਨੇ 600 ਅੰਕ ਵਿੱਚੋਂ 580 ਅੰਕ ਪ੍ਰਾਪਤ ਕਰਕੇ ਪਹਿਲਾਂ ਸਥਾਨ ਹਾਸਿਲ ਕੀਤਾ। ਜੈਸਮੀਨ ਕੌਰ ਸਪੁੱਤਰੀ ਹਰਮੀਤ ਸਿੰਘ ਨੇ 576 ਨੰਬਰ ਪ੍ਰਾਪਤ ਕਰਕੇ ਦੂਸਰਾ ਸਥਾਨ ਹਾਸਿਲ ਕੀਤਾ, ਕਿਰਨਦੀਪ ਕੌਰ ਸਪੁੱਤਰੀ ਹਰਪ੍ਰੀਤ ਸਿੰਘ ਅਤੇ ਸਨਦੀਪ ਕੌਰ ਸਪੁੱਤਰੀ ਮਲਕੀਅਤ ਸਿੰਘ ਨੇ 574 ਨੰਬਰ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਿਲ ਕੀਤਾ। ਬਾਕੀ ਵਿਦਿਆਰਥੀਆਂ ਨੇ 90 ਫੀਸਦੀ ਤੋਂ ਉਪਰ ਨੰਬਰ ਪ੍ਰਾਪਤ ਕਰਕੇ ਆਪਣੇ ਮਾਪਿਆਂ ਅਤੇ ਅਧਿਆਪਕਾ ਦਾ ਨਾਮ ਰੋਸਨ ਕੀਤਾ, ਇਸ ਦੌਰਾਨ ਪਿੰਸੀਪਲ ਸ, ਗੁਰਮੁੱਖ ਸਿੰਘ, ਡਾਇਰੈਕਟਰ ਨਿਸ਼ਾਨ ਸਿੰਘ, ਅਧਿਆਪਕ ਸਹਿਬਾਨ ਅਤੇ ਮਾਪਿਆਂ ਵੱਲੋਂ ਸਫਲ ਹੋਏ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।

ਖਾਲਸਾ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਤਲਵੰਡੀ ਸਾਬੋ ਦੇ ਵਿਹੜੇ

# ਮੈਰਿਟ 'ਚ ਆਉਣ ਵਾਲੇ ਬੱਚਿਆਂ ਲਈ ਸਨਮਾਨ ਸਮਾਰੋਹ



**ਤਲਵੰਡੀ ਸਾਬੋ, 04 ਮਈ (ਗੁਰਜੰਟ ਸਿੰਘ ਨਥੇਹਾ)**- ਖਾਲਸਾ ਸੀਨੀ. ਸੈਕੰ. ਸਕੂਲ ਲੜਕੀਆਂ ਤਲਵੰਡੀ ਸਾਬੋ ਦਾ ਬੋਰਡ ਦੀਆਂ ਕਲਾਸਾਂ ਪੰਜਵੀਂ,ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਜਮਾਤ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਾਨਦਾਰ ਰਿਹਾ। ਅੱਠਵੀਂ ਜਮਾਤ ਦੀਆਂ ਤਿੰਨ ਵਿਦਿਆਰਥਣਾਂ ਨੇ ਪੰਜਾਬ ਪੱਧਰੀ ਮੈਰਿਟ ਵਿੱਚ ਸਥਾਨ ਪ੍ਰਾਪਤ ਕੀਤਾ। ਗੁਰਸ਼ਰਨਜੀਤ ਕੌਰ ਪੁੱਤਰੀ ਗਿਆਨੀ ਜਗਤਾਰ ਸਿੰਘ ਹੈੱਡ ਗ੍ਰੰਥੀ ਅਤੇ ਕਥਾਵਾਚਕ ਤਖਤ ਸ਼੍ਰੀ ਦਮਦਮਾ ਸਾਹਿਬ ਨੇ ਪੰਜਾਬ ਵਿੱਚੋਂ ਅੱਠਵਾਂ, ਨਵਜੋਤ ਕੌਰ ਪੁੱਤਰੀ ਕਰਮਜੀਤ ਸਿੰਘ ਨੇ ਨੌਵਾਂ ਅਤੇ ਭੁਪਿੰਦਰ ਕੌਰ ਪੁੱਤਰੀ ਅਮਨਦੀਪ ਸਿੰਘ ਨੇ ਗਿਆਰ੍ਹਵਾਂ ਸਥਾਨ ਹਾਸਿਲ ਕੀਤਾ। ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਜਸਨੂਰ ਕੌਰ ਪੁੱਤਰੀ ਗਿਆਨੀ ਜਗਤਾਰ ਸਿੰਘ ਹੈੱਡ ਗ੍ਰੰਥੀ ਅਤੇ ਕਥਾਵਾਚਕ ਤਖਤ ਸ਼੍ਰੀ ਦਮਦਮਾ ਸਾਹਿਬ ਨੇ ਸੁਪਰ ਮੈਡੀਕਲ ਵਿੱਚੋਂ 95 ਫੀਸਦੀ ਅੰਕ ਹਾਸਿਲ ਕਰਕੇ ਪਹਿਲਾ ਸਥਾਨ, ਸੰਜਨਾ ਰਾਏ ਪੁੱਤਰੀ ਕੁਲਵੰਤ ਰਾਏ ਨੇ 94.2 ਫੀਸਦੀ ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ ਅਤੇ ਅਮਨਦੀਪ ਕੌਰ ਪੁੱਤਰੀ ਲਾਭ ਸਿੰਘ ਨੇ 94 ਫੀਸਦੀ ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਿਲ ਕੀਤਾ। ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਸ੍ਰੀਮਤੀ ਗੁਰਮੀਤ ਕੌਰ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਪੰਜਵੀਂ, ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਦੇ ਨਤੀਜਿਆਂ ਵਿੱਚ ਖਾਲਸਾ ਸੀਨੀ. ਸੈਕੰ. ਸਕੂਲ ਲੜਕੀਆਂ ਤਲਵੰਡੀ ਸਾਬੋ ਦੀ ਪੂਰੇ ਇਲਾਕੇ ਵਿੱਚੋਂ ਮੋਹਰੀ ਸਥਾਨ ਹਾਸਲ ਕੀਤਾ। ਮੈਨੇਜਰ ਸ. ਰਣਜੀਤ ਸਿੰਘ ਮਲਕਾਣਾ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਖਾਲਸਾ ਸਕੂਲ ਦੇ ਪੰਜਵੀਂ ਦੇ 23 ਬੱਚਿਆਂ, ਅੱਠਵੀਂ ਦੀਆਂ 31 ਬੱਚੀਆਂ, ਦਸਵੀਂ ਦੀਆਂ 13 ਬੱਚੀਆਂ ਅਤੇ ਬਾਰ੍ਹਵੀ ਜਮਾਤ ਦੀਆਂ ਕ੍ਰਮਵਾਰ 13 ਵਿਦਿ ਆਰਥਣਾਂ ਨੇ 90 ਤੋਂ ਵੱਧ ਅੰਕ ਪ੍ਰਾਪਤ ਕਰਕੇ ਮਾਪਿਆਂ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਸਮੁੱਚੀ ਖਾਲਸਾ ਸਕੂਲ ਮੈਨੇਜਮੈਂਟ ਕਮੇਟੀ, ਪ੍ਰਿੰਸੀਪਲ, ਸਟਾਫ ਅਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਖਾਲਸਾ ਸਕੂਲ ਦੇ ਵਿਹੜੇ ਬੱਚਿਆਂ ਦੀ ਇਸ ਕਾਮਯਾਬੀ ਅਤੇ ਹੌਸਲਾ ਅਫਜਾਈ ਲਈ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਮੌਕੇ ਖਾਲਸਾ ਸਕੂਲਜ਼ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਸ. ਛੋਟਾ ਸਿੰਘ ਅਤੇ ਮੈਨੇਜਰ ਸ. ਰਣਜੀਤ ਸਿੰਘ ਮਲਕਾਣਾ, ਸਕੱਤਰ ਸ. ਜਸਵਿੰਦਰ ਸਿੰਘ ਸਿੱਧੂ, ਪ੍ਰਿੰਸੀਪਲ ਚਮਕੌਰ ਸਿੰਘ, ਪ੍ਰਿੰਸੀਪਲ ਬਿਕਰਮਜੀਤ ਸਿੰਘ ਸਿੱਧੂ, ਸ. ਭੁਪਿੰਦਰ ਸਿੰਘ ਜੱਸਲ, ਸ. ਪਰਮਿੰਦਰਕੁਮਾਰਜੀਤ ਸਿੰਘ, ਸ. ਗੁਰਮੀਤ ਸਿੰਘ ਧਾਲੀਵਾਲ, ਸ. ਜਸਵੀਰ ਸਿੰਘ ਚੱਠਾ, ਸ. ਮਲਕੀਤ ਸਿੰਘ, ਸ. ਸੁਰਜੀਤ ਸਿੰਘ ਭੰਮ, ਸ. ਸੁਖਵੀਰ ਸਿੰਘ ਮਾਨ, ਸ੍ਰੀਮਤੀ ਸੁਖਪਾਲ ਕੌਰ ਅਤੇ ਸ. ਕਰਨੈਲ ਸਿੰਘ ਮਾਸਟਰ ਹਾਜਰ ਰਹੇ। ਸਮੁੱਚੀ ਮੈਨੇਜਮੈਂਟ ਕਮੇਟੀ ਨੇ ਬੱਚਿਆਂ ਦੀ ਹੌਸਲਾ ਅਫਜਾਈ ਲਈ ਮੈਰਿਟ ਵਾਲੇ ਬੱਚਿਆਂ ਦੀ ਪੂਰੇ ਸਾਲ ਦੀ ਫੀਸ ਮਾਫ ਕੀਤੀ ਅਤੇ ਨਾਲ ਹੀ ਦੂਸਰੇ ਵਿਦਿਆਰਥੀਆਂ ਨੂੰ ਸ਼ੀਲਡਾਂ, ਸਰਟੀਫਿਕੇਟ ਅਤੇ ਕੈਸ਼ ਦੇ ਕੇ ਸਨਮਾਨਿਤ ਕੀਤਾ। ਅੰਤ ਵਿੱਚ ਕਮੇਟੀ ਮੈਂਬਰ ਸ. ਰੂਪ ਸਿੰਘ ਜੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਛੇਹਰਟਾ ਦੇ ਓਮ ਜੀ ਪਾਰਕ ਵਿਖੇ ਸਵੇਰ ਦੀ ਸੈਰ ਦੌਰਾਨ

# ਸ਼ਹਿਰ ਦੇ ਮੁੱਦਿਆਂ ਬਾਰੇ ਲੋਕਾਂ ਨਾਲ ਦਿਲ ਖੋਲ੍ਹ ਕੇ ਵਿਚਾਰ ਸਾਂਝੇ ਕੀਤੇ



**ਅੰਮ੍ਰਿਤਸਰ, 4 ਮਈ (ਆਵਾਜ਼ਿ ਕੌਮ ਬਿਊਰੋ)**-ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਭਾਜਪਾ ਉਮੀਦਵਾਰ ਸਾਬਕਾ ਰਾਜਦੂਤ ਸ. ਤਰਨਜੀਤ ਸਿੰਘ ਸੰਧੂ ਸਮੁੰਦਰੀ ਨੇ ਅੱਜ ਆਪਣੇ ਸਾਥੀਆਂ ਨਾਲ ਛੇਹਰਟਾ ਦੇ ਓਮ ਜੀ ਪਾਰਕ ਵਿਖੇ ਸਵੇਰ ਦੀ ਸੈਰ ਕੀਤੀ। ਜਿੱਥੇ ਉਨ੍ਹਾਂ ਖਿਡਾਰੀਆਂ ਨਾਲ ਬੈਡਮਿੰਟਨ ਵੀ ਖੇਡਿਆ ਅਤੇ ਯੋਗਾ ਸੈਂਟਰ ਦਾ ਦੌਰਾ ਵੀ ਕੀਤਾ। ਲੋਕਾਂ ਨਾਲ ਉਨ੍ਹਾਂ ਮੁਲਾਕਾਤ ਦੌਰਾਨ ਲੋਕਾਂ ਨੇ ਭਾਜਪਾ ਉਮੀਦਵਾਰ ਸੰਧੂ ਸਮੁੰਦਰੀ ਨੂੰ ਆਪਣੇ ਕਰੀਬ ਦੇਖ ਕੇ ਖ਼ੁਸ਼ੀ ਦੀ ਇਜ਼ਹਾਰ ਕੀਤਾ ਅਤੇ ਉਨ੍ਹਾਂ ਨੂੰ ਪੂਰਾ ਸਮਰਥਨ ਦੇਣ ਦਾ ਵਾਅਦਾ ਕੀਤਾ । ਸੈਰ ਕਰਨ ਆਏ ਲੋਕਾਂ ਨੇ ਸਰਦਾਰ ਸੰਧੂ ਨਾਲ ਤਸਵੀਰਾਂ ਵੀ ਖਿਚਵਾਈਆਂ ਅਤੇ ਸ਼ਹਿਰ ਦੀ ਸਥਿਤੀ 'ਤੇ ਵਿਚਾਰਾਂ ਵੀ ਕੀਤੀਆਂ । ਉਨ੍ਹਾਂ ਹਲਕੇ ਦੀ ਕਾਨੂੰਨ ਵਿਵਸਥਾ ਦੀ ਖ਼ਰਾਬ ਹਾਲਤ 'ਤੇ ਨਿਰਾਸ਼ ਪ੍ਰਗਟ ਕਰਦਿਆਂ ਰਾਜ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਵਲ ਧਿਆਨ ਨਾ ਦੇਣ 'ਤੇ ਰੋਸ ਕੀਤਾ।ਇਸ ਦੌਰਾਨ ਸ਼ਹਿਰ ਦੇ ਵੱਖ ਵੱਖ ਮੁੱਦਿਆਂ ਬਾਰੇ ਸ. ਸੰਧੂ ਨਾਲ ਦਿਲ ਖੋਲ੍ਹ ਕੇ ਵਿਚਾਰ ਸਾਂਝੇ ਕੀਤੇ। ਲੋਕਾਂ ਨੇ ਉਨ੍ਹਾਂ ਨਾਲ ਅਮਨ ਕਾਨੂੰਨ ਦੀ ਸਥਿਤੀ, ਨਸ਼ਾ ਤੇ ਬੇਰੁਜ਼ਗਾਰੀ, ਸੀਵਰੇਜ ਸਿਸਟਮ ਤੋਂ ਆ ਰਹੀ ਪ੍ਰੇਸ਼ਾਨੀ 'ਤੇ ਚਰਚਾ ਕੀਤੀ ਅਤੇ ਗੰਦੇ ਨਾਲੇ ਦੀ ਅਤੇ ਸ਼ਹਿਰ 'ਚ ਗੰਦਗੀ ਦੀ ਸਮੱਸਿਆ ਨੂੰ ਵੀ ਅੱਗੇ ਰੱਖਿਆ। ਕਈਆਂ ਨੇ ਅੰਮ੍ਰਿਤਸਰ 'ਚ ਇੰਡਸਟਰੀ ਦੇ ਖ਼ਾਤਮੇ ਅਤੇ ਬਾਰਡਰ ਰਾਹੀਂ ਵਪਾਰ ਨੂੰ ਉਤਸ਼ਾਹਿਤ ਕਰਨ ਦਾ ਮੁੱਦਾ ਵਿਚਾਰਿਆ। ਇਸ ਮੌਕੇ ਸ. ਤਰਨਜੀਤ ਸਿੰਘ ਸੰਧੂ ਨਾਲ ਹਲਕਾ ਇੰਚਾਰਜ ਕੁਮਾਰ ਅਮਿਤ, ਮੰਡਲ ਪ੍ਰਧਾਨ ਦਰਸ਼ਨ ਲਾਲ ਖਜੂਰੀ , ਸਤੀਸ਼ ਪੁੰਜ, ਰਮਨ ਛੇਹਰਟਾ, ਬੰਟੀ ਪੰਡਿਤ, ਜੁਝਾਰ ਸਿੰਘ, ਲਖਵਿੰਦਰ ਸਿੰਘ, ਸਰਬਜੀਤ ਸਿੰਘ ਅਮਨ, ਰਾਹੁਲ ਸਲਵਾਨ, ਅਵਿਨਾਸ਼ ਸੈਲਾ, ਜੋਗਿੰਦਰ ਸਿੰਘ ਅਟਵਾਲ, ਰਮਨ ਕੁਮਾਰ ਛਿਹਰਟਾ, ਅਸ਼ਵਨੀ ਬਾਵਾ, ਹਰਿਵੰਸ਼ ਜੀ, ਨਿਰਮਲ ਸਿੰਘ ਠੇਕੇਦਾਰ, ਅਸ਼ਵਨੀ ਜੀ ਰਾਮ ਮੰਦਿਰ, ਸੁਰੇਸ਼ ਜੀ ਰਾਮ ਮੰਦਿਰ,ਸੁਸ਼ੀਲ ਦੇਵਗਨ, ਵਿੱਕੀ ਰੀਕੋ, ਸੂਰਜ ਮੈਦਾਨ ਵੀ ਮੌਜੂਦ ਸਨ।

ਸੰਧੂ ਸਮੁੰਦਰੀ ਨੇ ਕਿਹਾ ਮੈਂ ਇਕ ਫ਼ੌਜੀ ਦੀ ਤਰਾਂ ਦੇਸ਼ ਦੀ 36 ਸਾਲ ਸੇਵਾ ਕਰਨ ਤੋਂ ਬਾਅਦ ਹੁਣ ਗੁਰੂ ਨਗਰੀ ਅਤੇ ਇੱਥੋਂ ਦੇ ਆਪਣੇ ਲੋਕਾਂ ਨੂੰ ਸਮਰਪਿਤ ਹਾਂ। ਉਨ੍ਹਾਂ ਕਿਹਾ ਕਿ ਭਾਰਤ ਵਿਕਾਸ ਕਰ ਰਿਹਾ ਹੈ, ਦੂਜੇ ਸੂਬਿਆਂ ਦੇ ਮੁਕਾਬਲੇ ਪੰਜਾਬ ਬਹੁਤ ਪਛੜ ਗਿਆ ਹੈ। ਭਾਰਤ 'ਚ ਸੀਵਰੇਜ ਅਤੇ ਪਾਣੀ ਦੀ ਸਮੱਸਿਆ ਨੂੰ ਤਕਨੀਕ ਰਾਹੀਂ ਅਨੇਕਾਂ ਥਾਂਵਾਂ 'ਤੇ ਸਮਾਧਾਨ ਕੀਤਾ ਜਾ ਚੁਕਾ ਹੈ, ਤਾਂ ਅੰਮ੍ਰਿਤਸਰ ਵਿਚ ਕਿਉਂ ਨਹੀਂ ਕੀਤਾ ਜਾ ਸਕਦਾ। ਇਹ ਰਾਜ ਸਰਕਾਰ ਅਤੇ ਸਾਂਸਦ ਮੈਂਬਰ ਦੀ ਕਮਜ਼ੋਰੀ ਦਾ ਨਤੀਜਾ ਹੈ। ਜੋ ਕੁਝ ਵੀ ਕਰਨ ਲਈ ਅਸਮਰਥ ਹਨ। ਉਨ੍ਹਾਂ ਕਿਹਾ ਕਿ ਇੰਦੌਰ ਅਤੇ ਬੰਗਲੌਰ ਦਾ ਵੀ ਪਹਿਲਾਂ ਇਹੀ ਹਾਲ ਸੀ, ਪਰ ਹੁਣ ਉਹ 6 ਸਾਲਾਂ ਵਿਚ ਸਾਫ਼ ਅਤੇ ਸੁੰਦਰ ਸ਼ਹਿਰ ਬਣ ਚੁੱਕੇ ਹਨ। ਉਨ੍ਹਾਂ ਕਿਹਾ ਕਿ ਨਰਿੰਦਰ ਮੋਦੀ ਤੋਂ ਵਿਸ਼ੇਸ਼ ਪੈਕੇਜ ਲਿਆਂਦਾ ਜਾਵੇਗਾ ਜਿਸ ਨਾਲ 2027 'ਚ ਅੰਮ੍ਰਿਤਸਰ ਦੇ 450 ਸਾਲਾ ਮੌਕੇ ਸ਼ਹਿਰ ਦੀ ਨੁਹਾਰ ਪੂਰੀ ਤਰਾਂ ਬਦਲ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਅਨੇਕਾਂ ਨੀਤੀਆਂ ਅਤੇ ਦਿੱਤੀਆਂ ਗਈਆਂ ਸਹੂਲਤਾਂ ਅੰਮ੍ਰਿਤਸਰ ਆਉਣਗੀਆਂ। ਉਨ੍ਹਾਂ ਵਪਾਰ ਲਈ ਅਟਾਰੀ ਬਾਰਡਰ ਖੋਲ੍ਹਣ ਦੀ ਜਿੱਥੇ ਵਕਾਲਤ ਕੀਤੀ ਉੱਥੇ ਹੀ ਅੰਮ੍ਰਿਤਸਰ ਪੱਟੀ - ਵਾਇਆ ਗੁਜਰਾਤ ਪੋਰਟ ਖਾੜੀ ਦੇਸ਼ਾਂ ਅਤੇ ਯੂਰਪ ਨਾਲ ਵਪਾਰ ਕਰਨ ਅਤੇ ਅੰਮ੍ਰਿਤਸਰ ਦੀ ਏਅਰ ਕਾਰਗੋ ਦੀ ਪੂਰੀ ਸਮਰੱਥਾ ਦਾ ਉਪਯੋਗ ਕਰਨ ਦਾ ਸੁਝਾਅ ਦਿੱਤਾ। ਸਰਦਾਰ ਸੰਧੂ ਨੇ ਕਿਹਾ ਕਿ ਅੰਮ੍ਰਿਤਸਰ ਜੋ ਪਹਿਲਾਂ ਉਦਯੋਗ ਅਤੇ ਵਪਾਰਕ ਖੇਤਰ ਵਿਚ ਦੇਸ਼ 'ਚ ਅੱਵਲ ਦਰਜੇ 'ਤੇ ਸੀ ਪਰ ਹੁਣ ਇਸ ਦੀ ਹਾਲਤ ਖ਼ਰਾਬ ਹੋ ਚੁੱਕੀ ਹੈ। ਛਿਹਰਟਾ ਅਤੇ ਬਟਾਲੇ ਦੀਆਂ ਉਦਯੋਗਿਕ ਇਕਾਈਆਂ ਖ਼ਤਮ ਹੋ ਰਹੀਆਂ ਹਨ। ਸਹੂਲਤਾਂ ਅਤੇ ਚੰਗੀਆਂ ਨੀਤੀਆਂ ਦੀ ਅਣਹੋਂਦ ਕਾਰਨ ਉਦਯੋਗਪਤੀ ਅੰਮ੍ਰਿਤਸਰ ਛੱਡ ਚੁੱਕੇ ਹਨ ਜਾਂ ਜਾ ਰਹੇ ਹਨ।ਉਹਨਾਂ ਕਿਹਾ ਕਿ ਸਾਡੇ ਕੋਲ ਅੱਜ ਵੀ ਕਈ ਅਵਸਰ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਰਤ ਅਮਰੀਕਾ ਸੰਬੰਧ ਹੁਣ ਭਾਈਵਾਲੀ ਵਿਚ ਬਦਲ ਚੁੱਕਾ ਹੈ। ਅਮਰੀਕੀ ਕੰਪਨੀਆਂ ਭਾਰਤ ਵਿਚ ਨਿਵੇਸ਼ ਕਰ ਰਹੀਆਂ ਹਨ ਹੁਣ ਇਹ ਨਿਵੇਸ਼ ਅੰਮ੍ਰਿਤਸਰ ਵੀ ਲਿਆਂਦਾ ਜਾਵੇਗਾ। ਅਮਰੀਕਾ ਭਾਰਤ ਵਿੱਚ ਸਿਹਤ, ਸੈਮੀਕੰਡਕਟਰ, ਰੱਖਿਆ, ਨਵੀਂ ਤਕਨੀਕ ਵਰਗੇ ਖੇਤਰਾਂ ਵਿੱਚ ਨਿਵੇਸ਼ ਕਰ ਰਿਹਾ ਹੈ। ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਨੌਜਵਾਨ ਪੀੜ੍ਹੀ ਨੂੰ ਹੁਨਰਮੰਦ ਬਣਾਈਏ ਤਾਂ ਜੋ ਉਨ੍ਹਾਂ ਨੂੰ ਨੌਕਰੀਆਂ ਲੈਣ 'ਚ ਮਦਦ ਮਿਲ ਸਕੇ । ਫੋਕਸ ਹੁਨਰ ਵਿਕਾਸ 'ਤੇ ਹੋਣਾ ਚਾਹੀਦਾ ਹੈ, ਕੇਵਲ ਡਿੱਗਰੀਆਂ 'ਤੇ ਨਹੀਂ। ਉਨ੍ਹਾਂ ਕਿਹਾ ਕਿ ਮੈਂ ਆਪਣੇ ਸੰਪਰਕਾਂ ਰਾਹੀਂ ਵਿਦੇਸ਼ੀ ਕੰਪਨੀਆਂ ਨੂੰ ਅੰਮ੍ਰਿਤਸਰ ਲਿਆਵਾਂਗਾ। ਕਈ ਵੱਡੀਆਂ ਕੰਪਨੀਆਂ ਦੇ ਸੀਈਓ ਪੰਜਾਬ ਅਤੇ ਭਾਰਤ ਦੇ ਹਨ।ਉਹ ਮੇਰੇ ਜਾਣਕਾਰ ਹਨ।ਉਨ੍ਹਾਂ ਨੂੰ ਉਤਸ਼ਾਹਿਤ ਕਰਕੇ ਇੱਥੇ ਲੈ ਕੇ ਆਵਾਂਗਾ ਜੋ ਸਥਾਨਕ ਪੱਧਰ 'ਤੇ ਨੌਜਵਾਨਾਂ ਲਈ ਮੌਕੇ ਪੈਦਾ ਕਰਨਗੇ। ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਤੁਹਾਡੇ ਵਾਂਗ ਅੰਮ੍ਰਿਤਸਰ ਮੇਰੇ ਵੀ ਦਿਲ ਵਿਚ ਹੈ। ਮੇਰੇ ਕੋਲ ਅੰਮ੍ਰਿਤਸਰ ਦੇ ਵਿਕਾਸ ਲਈ ਯੋਜਨਾਵਾਂ ਹਨ। ਉਨ੍ਹਾਂ ਲੋਕਾਂ ਨੂੰ ਉਸਾਰੂ ਰਾਜਨੀਤੀ ਦਾ ਸਾਥ ਦੇਣ ਲਈ ਅੱਗੇ ਆਉਣ ਦਾ ਸਦਾ ਦਿੱਤਾ ਅਤੇ ਕਿਹਾ ਕਿ ਸ਼ਹਿਰ ਦੇ ਵਿਕਾਸ ਲਈ ਭਾਜਪਾ ਨੂੰ ਮਜ਼ਬੂਤ ਕਰਨ ਅਤੇ ਕਮਲ ਦੇ ਫੁੱਲ ਦਾ ਬਟਨ ਦਬਾ ਕੇ ਵੋਟ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਤੁਹਾਡੇ ਵਰਗੀਆਂ ਹਸਤੀਆਂ ਜੋ ਅੰਮ੍ਰਿਤਸਰ ਨੂੰ ਪਿਆਰ ਕਰਦੇ ਹਨ, ਉਨ੍ਹਾਂ ਨੂੰ ਇਕ ਜੂਨ ਨੂੰ ਪਹਾੜੀ ਸੈਰਾਂ ਦੀ ਨਹੀਂ ਸਗੋਂ ਵੋਟ ਦੇ ਅਧਿਕਾਰ ਦੀ ਵਰਤੋਂ ਦੀ ਅਵੱਸ਼ ਪਹਿਲ ਕਰਨੀ ਹੋਵੇਗੀ।

# ਮਾਤਾ ਗੁਰਮੇਲ ਕੌਰ ਜੀ ਸਵਰਗਵਾਸ, ਅੰਤਿਮ ਸੰਸਕਾਰ ਅੱਜ 5 ਮਈ ਨੂੰ



ਸੰਗਰੂਰ, 4 ਮਈ (ਆਵਾਜ਼ਿ ਕੌਮ ਬਿਊਰੋ)-ਸਾਡੇ ਸਤਿਕਾਰਯੋਗ ਬੀਬੀ ਜੀ ਗੁਰਮੇਲ ਕੌਰ (95) ਜੀਵਨ ਸਾਥੀ ਸਵਰਗੀ ਸੁਖਦੇਵ ਸਿੰਘ ਗਰੇਵਾਲ ਅੱਜ 4 ਮਈ ਨੂੰ ਗੱਲਾਂ ਬਾਤਾਂ ਕਰਦੇ ਅਚਾਨਕ ਸਦੀਵੀ ਵਿਛੋੜਾ ਦੇ ਗਏ ਹਨ। ਉਹਨਾਂ ਦਾ ਅੰਤਮ ਸੰਸਕਾਰ ਅੱਜ 5 ਮਈ ਦਿਨ ਐਤਵਾਰ ਨੂੰ ਸਾਡੇ ਪਿੰਡ ਸਕਰੌਦੀ ਨੇੜੇ ਭਵਾਨੀਗੜ ਜ਼ਿਲ੍ਹਾ ਸੰਗਰੂਰ ਵਿਖੇ ਸਵੇਰੇ 10 ਵਜੇ ਹੋਵੇਗਾ। ਅੰਤਮ ਅਰਦਾਸ ਸਬੰਧੀ ਜਾਣਕਾਰੀ ਬਾਅਦ ਵਿੱਚ ਦਿੱਤੀ ਜਾਵੇਗੀ। ਅਦਾਰਾ 'ਆਵਾਜ਼ਿ ਕੌਮ' ਨੂੰ ਇਹ ਜਾਣਕਾਰੀ ਪੱਤਰਕਾਰ ਮਲਵਿੰਦਰ ਸਿੰਘ ਮਾਲੀ ਵੱਲੋਂ ਦਿੱਤੀ ਗਈ। ਅਦਾਰਾ 'ਆਵਾਜ਼ਿ ਕੌਮ ਯੂ. ਕੇ.' ਦੇ ਮੁੱਖ ਸੰਪਾਦਕ ਭਾਈ ਰਘਵੀਰ ਸਿੰਘ ਵਾਲਸਾਲ ਵੱਲੋਂ ਮਾਤਾ ਗੁਰਮੇਲ ਕੌਰ ਜੀ ਦੇ ਸਵਗਰਵਾਸ ਹੋਣ 'ਤੇ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵਾਹਿਗੁਰੂ ਜੀ ਦੇ ਚਰਨਾਂ 'ਚ ਅਰਦਾਸ ਕੀਤੀ ਕਿ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਅਤੇ ਵਿਛੜੀ ਆਤਮਾ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ਣ।

# 90% ਅੰਕ ਪ੍ਰਾਪਤ ਕਰਨ ਤੇ ਦਵੇਸਰ ਕੰਸਲਟੈਂਟ ਵੱਲੋਂ ਦਮਨਪ੍ਰੀਤ ਕੌਰ ਸਨਮਾਨਿਤ

## ਅੜਿੱਕਾ ਨਹੀਂ ਹਨ ਪੜ੍ਹਾਈ ਵਿਚ ਖੇਡਾਂ : ਦਮਨਪ੍ਰੀਤ ਕੌਰ




**ਚੌਕ ਮਹਿਤਾ, 4 ਮਈ ( .ਬਾਬਾ ਸੁਖਵੰਤ ਸਿੰਘ ਚੰਨਣਕੇ )**- ਪਿੱਛਲੇ 25 ਸਾਲ ਤੋਂ ਜ਼ਿਲ੍ਹਾ ਅੰਮ੍ਰਿਤਸਰ ਦੀ ਮਸ਼ਹੂਰ ਕੰਪਨੀ ਦਵੇਸਰ ਕੰਸਲਟੈਂਟ ਵੱਲੋਂ ਅੱਜ ਆਪਣੇ ਮੁੱਖ ਦਫ਼ਤਰ ਵਿਖ਼ੇ ਸਾਦੇ ਅਤੇ ਪ੍ਰਭਾਵਸ਼ਾਲੀ ਸਮਾਰੋਹ ਦੌਰਾਨ ਪ੍ਰਸਿੱਧ ਸਾਈਕਲਿੰਗ ਖ਼ਿਡਾਰਣ ਦਮਨਪ੍ਰੀਤ ਕੌਰ ਨੂੰ ਬਾਹਰਵੀਂ ਕਲਾਸ (ਮੈਡੀਕਲ) ਵਿੱਚ 90% ਅੰਕ ਪ੍ਰਾਪਤ ਕਰਨ ਤੇ ਸਨਮਾਨਿਤ ਕਰਦਿਆਂ ਐਮਡੀ ਸ਼੍ਰੀ ਹਰਦੇਸ਼ ਸ਼ਰਮਾ ਨੇ ਕਿਹਾ ਕੇ ਖੇਡਾਂ ਪ੍ਰਤੀ ਇਹ ਲੋਕ ਧਾਰਨਾ ਬਣੀ ਹੋਈ ਹੈ ਕਿ,ਖੇਲੋਗੇ ਕੂਦੋਗੇ ਤੋਂ ਹੋਗੇ ਖਰਾਬ, ਪੜੋਗੇ ਲਿਖੋਗੇ ਤੋਂ ਬਣੋਗੇ ਨਬਾਬ । ਖਿਡਾਰੀਆਂ ਪ੍ਰਤੀ ਲੋਕਾਂ ਦਾ ਇਹ ਨਜ਼ਰੀਆ ਬਹੁਤ ਪੁਰਾਣਾ ?? ਖੇਡਣ ਵਾਲੇ ਬੱਚੇ ਪੜ੍ਹਾਈ ਨੀ ਕਰ ਸਕਦੇ ਜਾਂ ਜਿਹੜੇ ਪੜ੍ਹਾਈ ਦੇ ਨਾਲ ਕੋਈ ਖੇਡ ਖੇਡਦੇ ਨੇ ਉਹ ਚੰਗੇ ਨੰਬਰ ਨਹੀ ਲੈ ਸਕਦੇ । ਖੇਡਣ ਵਾਲੇ ਵਿਦਿਆਰਥੀ ਤੇ ਇਹ ਵਿਅੰਗ ਵੀ ਆਮ ਹੀ ਕੱਸਿਆ ਜਾਂਦੈ ਵੀ ਇਹ ਤਾਂ ਖਿਡਾਰੀ ਹੈ ਇਹਦਾ ਪੜ੍ਹਾਈ ਨਾਲ ਕੀ ਵਾਹ,ਪਰ ਦਮਨਪ੍ਰੀਤ ਕੌਰ (ਪ੍ਰਭਾਕਰ ਸੀਨੀਅਰ ਸੈਕੰਡਰੀ ਸਕੂਲ, ਛੇਹਰਟਾ, ਵਿਖ਼ੇ ਮੈਡੀਕਲ ਦੀ ਵਿਦਿਆਰਥਣ) ਨੇ ਪੰਜਾਬ ਸਕੂਲ ਸਿੱਖਿਆ ਬੋਰਡ ਸਾਲ 2024 ਦੇ ਸਾਲਾਨਾ ਇਮਤਿਹਾਨ ਵਿੱਚੋਂ 90% ਅੰਕ ਪ੍ਰਾਪਤ ਕਰਕੇ ਇਸ ਧਾਰਨਾ ਨੂੰ ਮੁੱਢੋਂ ਰੱਦ ਕਰ ਦਿੱਤਾ ਕਿ ਖੇਡਾਂ ਪੜ੍ਹਾਈ ਵਿਚ ਅੜਿੱਕਾ ਪੈਦਾ ਕਰਦੀਆਂ ਹਨ 9 ਦਮਨਪ੍ਰੀਤ ਕੌਰ ਨੇ ਬਾਰਵੀਂ ਦੀ ਪ੍ਰੀਖਿਆ ਵਿਚੋਂ ਚੰਗੇ ਨੰਬਰ ਲੈ ਕੇ ਚੰਗੀ ਖਿਡਾਰਣ ਹੋਣ ਦੇ ਨਾਲ-ਨਾਲ ਚੰਗੇ ਵਿਦਿਆਰਥੀਆਂ ਦੀ ਲਿਸਟ ਵਿਚ ਆਪਣੀ ਜਗ੍ਹਾ ਬਣਾ ਕੇ ਇਹ ਦਰਸਾ ਦਿੱਤਾ ਕਿ ਪੜ੍ਹਾਈ ਦੇ ਨਾਲ ਨਾਲ ਜੇ ਖੇਡਾਂ ਵੀ ਖੇਡੀਆਂ ਜਾਣ ਤਾਂ ਬੰਦਾ ਉੱਤਮ ਬਣਦਾ ਹੈ । ਉਪਰੋਕਤ ਖਿਡਾਰਣ ਨੇ ਪੜ੍ਹਾਈ ਵਿਚੋਂ ਉੱਤਮ ਅੰਕ ਪ੍ਰਾਪਤ ਕਰਕੇ ਇਹ ਜਾਹਿਰ ਕਰ ਦਿੱਤਾ ਹੈ ਕਿ ਖੇਡਾਂ ਦੇ ਪਿੱੜ ਵਿਚ ਭਾਗ ਲੈਣ ਨਾਲ ਵਿਦਿਆਰਥੀਆਂ ਦੇ ਦਿਮਾਗ ਤਿੱਖੇ ਹੋ ਜਾਂਦੇ ਨੇ । ਇਸ ਮੌਕੇ ਸਨਮਾਨ ਪ੍ਰਾਪਤ ਕਰਦਿਆਂ ਦਮਨਪ੍ਰੀਤ ਕੌਰ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਅਤੇ ਖੇਡਾਂ ਤੇ ਜ਼ੋਰ ਦਿੰਦਿਆਂ ਕਿਹਾ ਕਿ ਵਿੱਦਿਅਕ ਸੰਸਥਾਵਾਂ ਖੇਡ ਮੈਦਾਨਾਂ ਤੋਂ ਬਿਨਾਂ ਅਧੂਰੀਆਂ ਹਨ । ਬ੍ਰਾਜ਼ੀਲ ਦੇ ਬੱਚੇ ਸਕੂਲ ਵਿਚ ਸਭ ਤੋਂ ਪਹਿਲਾਂ ਫੁਟਬਾਲ ਨੂੰ ਕਿੱਕ ਮਾਰਨੀ ਸਿੱਖਦੇ ਨੇ । ਰੂਸ ਦੇ ਸਕੂਲਾਂ ਵਿਚ ਬੱਚਿਆਂ ਨੂੰ ਸਰੀਰਿਕ ਸਿੱਖਿਆ ਅਤੇ ਖੇਡਾਂ ਲਾਜ਼ਮੀ ਹਨ । ਬੁਲਗਾਰੀਆ ਵਿਚ ਸਕੂਲ ਦੇ ਦਾਖਲੇ ਤੋਂ ਪਹਿਲਾਂ ਬੱਚੇ ਨੂੰ ਤੈਰਨਾ ਆਉਣਾ ਜ਼ਰੂਰੀ ਹੈ । ਜਿਸ ਬੱਚੇ ਨੂੰ ਤੈਰਨਾ ਨਹੀਂ ਆਉਂਦਾ ਉਸਦਾ ਦਾਖਲਾ ਸਕੂਲ ਵਿਚ ਨਹੀਂ ਹੁੰਦਾ । ਪੜ੍ਹਾਈ ਦੇ ਨਾਲ ਨਾਲ ਖੇਡਾਂ ਪ੍ਰਤੀ ਸੰਜੀਦਗੀ ਦਿਖਾਉਣ ਵਾਲੇ ਮੁਲਖਾਂ ਦੇ ਖਿਡਾਰੀਆਂ ਨੇ ਹੀ ਓਲੰਪਿਕ ਖੇਡਾਂ ਵਿਚ ਆਪਣਾ ਲੋਹਾ ਮਨਵਾਇਆ ਹੈ । ਆਖ਼ਿਰ ਵਿੱਚ ਦਮਨਪ੍ਰੀਤ ਕੌਰ ਨੇ ਹੋਰਨਾਂ ਲੜਕੇ-ਲੜਕੀਆਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕੇ ਮਹਾਨ ਫਿਲਾਸਫਰਾਂ ਵਲੋਂ ਦਿੱਤੇ ਤਰਕਾ ਨੇ ਇਸ ਗੱਲ ਤੇ ਪੱਕੀ ਮੋਹਰ ਲਗਾ ਦਿੱਤੀ ਹੈ ਕਿ ਖੇਡਾਂ ਮੁੱਢੋਂ ਹੀ ਪੜ੍ਹਾਈ ਦੀਆਂ ਪੂਰਕ ਹਨ ਵਿਰੋਧੀ ਨਹੀਂ । ਜਿਹੜੇ ਲੋਕੀਂ ਇਹ ਮੰਨੀ ਖੜੇ ਹਨ ਕੇ ਖੇਡਾਂ ਦੇ ਨਾਲ ਪੜ੍ਹਾਈ ਨਹੀਂ ਹੁੰਦੀ, ਉਹਨਾਂ ਨੂੰ ਖੇਲੋਗੇ ਕੂਦੋਗੇ ਤੋਂ ਹੋਗੇ ਖਰਾਬ' ਵਾਲਾ ਰਾਗ ਛੱਡਕੇ 'ਖੇਲੋਗੇ ਕੂਦੋਗੇ ਤੋਂ ਬਣੋਗੇ ਨਾਯਾਬ ' ਗੀਤ ਗੁਣਗੁਣਾਉਣ ਦੀ ਲੋੜ ਹੈ।

## ....ਹਿੰਦ ਸਰਕਾਰ ਦੇ ਹੱਥ ਹੋਣ ਦੀ ਕਰਦੀ ਹੈ ਪੁਸ਼ਟੀ

(ਪੰਨਾ 1 ਦੀ ਬਾਕੀ)

ਇਹ ਕਰਦਾ ਹੈ ਕੀ ਅਸੀਂ ਕਾਤਲ ਨਹੀਂ ਭੇਜਦੇ। ਅਸੀਂ ਅੱਤਵਾਦੀਆਂ ਨੂੰ ਉਨ੍ਹਾਂ ਦੇ ਘਰੇਲੂ ਮੈਦਾਨ 'ਤੇ ਜਾ ਕੇ ਮਾਰਦੇ ਹਾਂ।"

ਹਾਲਾਂਕਿ ਕੈਨੇਡੀਅਨ ਅਧਿਕਾਰੀਆਂ ਦੀ ਅੱਜ ਦੀ ਕਾਰਵਾਈ, ਜਿਸ ਨਾਲ ਕਤਲ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਇੱਕ ਕਦਮ ਅੱਗੇ ਹੈ, ਇਹ ਸਿਰਫ ਜ਼ੁਲਮ ਨੂੰ ਨੰਗਾ ਕਰਦਾ ਹੈ। ਉੱਚ ਦਰਜੇ ਦੇ ਭਾਰਤੀ ਡਿਪਲੋਮੈਟਾਂ, ਆਈਐਚਸੀ ਸੰਜੇ ਵਰਮਾ ਅਤੇ ਸੀਜੀਆਈ ਮਨੀਸ਼ ਨੇ ਹੱਤਿਆ ਲਈ ਲੌਜਿਸਟਿਕਲ ਸਹਾਇਤਾ ਅਤੇ ਖੁਫੀਆ ਜਾਣਕਾਰੀ ਪ੍ਰਦਾਨ ਕੀਤੀ। ਉਨ੍ਹਾਂ ਨੂੰ ਚਾਰਜ ਕੀਤਾ ਜਾਣਾ ਚਾਹੀਦਾ ਹੈ। ਰਿਪੋਰਟਾਂ, ਜਿਸ ਵਿੱਚ ਵਾਸ਼ਿੰਗਟਨ ਪੋਸਟ ਦੀ ਇੱਕ ਰਿਪੋਰਟ ਵੀ ਸ਼ਾਮਲ ਹੈ, ਸੁਝਾਅ ਦਿੰਦੀਆਂ ਹਨ ਕਿ ਹੱਤਿਆ ਨੂੰ ਅੰਜਾਮ ਦੇਣ ਵਿੱਚ ਸਹਾਇਤਾ ਕਰਨ ਵਾਲੇ ਰਾਅ ਦੇ ਏਜੰਟ ਅਜੇ ਵੀ ਵੈਨਕੂਵਰ ਵਿੱਚ ਭਾਰਤੀ ਕੌਂਸਲੇਟ ਵਿੱਚ ਸਰਗਰਮੀ ਨਾਲ ਤਾਇਨਾਤ ਹਨ।

ਭਾਰਤੀ ਮਿਸ਼ਨਾਂ ਤੋਂ ਸਿਰਫ਼ ਰਾਅ ਦੇ ਏਜੰਟਾਂ ਨੂੰ ਹਟਾਉਣਾ ਹੀ ਮੋਦੀ ਸਰਕਾਰ ਦੇ ਅੰਤਰ-ਰਾਸ਼ਟਰੀ ਅੱਤਵਾਦ ਦਾ ਮੁਕਾਬਲਾ ਕਰਨ ਲਈ ਕਾਫੀ ਨਹੀਂ ਹੈ। ਜੇਕਰ ਅਸੀਂ ਸੱਚਮੁੱਚ ਅੰਤਰ-ਰਾਸ਼ਟਰੀ ਹਿੰਸਾ ਦੀ ਇਸ ਲਹਿਰ ਦਾ ਮੁਕਾਬਲਾ ਕਰਨਾ ਹੈ, ਤਾਂ ਉਹ ਭਾਰਤੀ ਡਿਪਲੋਮੈਟ ਜੋ ਕੈਨੇਡਾ ਵਿੱਚ ਰਾਅ ਦੇ ਜਾਸੂਸੀ ਕਾਰਜਾਂ ਦੀ ਨਿਗਰਾਨੀ ਕਰਦੇ ਹਨ, ਨੂੰ ਜਵਾਬਦੇਹ ਠਹਿਰਾਇਆ ਜਾਣਾ ਚਾਹੀਦਾ ਹੈ ਅਤੇ ਕਾਨੂੰਨੀ ਕਾਰਵਾਈਆਂ ਦਾ ਸਾਹਮਣਾ ਕਰਨਾ ਚਾਹੀਦਾ ਹੈ। ਅਜਿਹੀਆਂ ਨਿਰਣਾਇਕ ਕਾਰਵਾਈਆਂ ਰਾਹੀਂ ਹੀ ਅਸੀਂ ਉਨ੍ਹਾਂ ਨੈੱਟਵਰਕਾਂ ਨੂੰ ਖਤਮ ਕਰਨ ਦੀ ਉਮੀਦ ਕਰ ਸਕਦੇ ਹਾਂ ਜੋ ਕੈਨੇਡੀਅਨ ਧਰਤੀ 'ਤੇ ਕੈਨੇਡੀਅਨਾਂ ਵਿਰੁੱਧ ਅਜਿਹੇ ਅਪਰਾਧਾਂ ਨੂੰ ਸਮਰੱਥ ਅਤੇ ਨਿਰੰਤਰ ਕਰਦੇ ਹਨ।

ਹਰ ਪਾਰਟੀ ਦੇ ਕੈਨੇਡੀਅਨ ਸਿਆਸਤਦਾਨਾਂ ਨੂੰ ਭਾਰਤ ਸਰਕਾਰ ਦੇ ਕਿਸੇ ਵੀ ਹਿੰਸਕ ਜਵਾਬੀ ਕਾਰਵਾਈ ਦਾ ਸਾਹਮਣਾ ਕੀਤੇ ਬਿਨਾਂ ਖਾਲਿਸਤਾਨ ਦੀ ਸ਼ਾਂਤਮਈ ਵਕਾਲਤ ਕਰਨ ਦੇ ਕੈਨੇਡੀਅਨ ਸਿੱਖਾਂ ਦੇ ਨਾਲ ਖੜੇ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਨੂੰ ਯਕੀਨੀ ਬਣਾਉਣ ਲਈ ਕੈਨੇਡਾ ਦੀ ਸਿਆਸੀ ਲੀਡਰਸ਼ਿਪ ਨੂੰ ਕੈਨੇਡਾ ਦੀ ਧਰਤੀ 'ਤੇ ਖਾਲਿਸਤਾਨ ਪੱਖੀ ਸਿੱਖਾਂ 'ਤੇ ਮੋਦੀ ਸਰਕਾਰ ਦੇ ਅੰਤਰ-ਰਾਸ਼ਟਰੀ ਜਬਰ ਦਾ ਮੁਕਾਬਲਾ ਕਰਨ ਲਈ ਇਤਿਹਾਸ ਦੇ ਸੱਜੇ ਪਾਸੇ ਖੜ੍ਹਾ ਹੋਣਾ ਚਾਹੀਦਾ ਹੈ। ਜਿਸ ਨਾਲ ਹਿੰਸਾ ਨੂੰ ਰੋਕਿਆ ਜਾ ਸਕਦਾ ਹੈ।÷

ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਨਾਲ ਬਚਨ ਵੱਧ ਹੈ ਜਿਨ੍ਹਾਂ ਨੇ ਕੌਮ ਵਾਸਤੇ ਆਪਣੀ ਜਾਨ ਕੁਰਬਾਨ ਕਰ ਦਿੱਤੀ।

ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਗੁੰਮਟਾਲਾ ਵਿਖੇ ਗੰਦੇ ਨਾਲੇ ਵਿਰੁੱਧ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ 'ਚ ਪਹੁੰਚ ਕੇ ਸਮਾਜ ਸੇਵੀਆਂ ਨਾਲ ਇਕ ਜੁਟਤਾ ਦਾ ਪ੍ਰਗਟਾਵਾ ਕੀਤਾ

# ਗੰਦੇ ਨਾਲੇ ਅਤੇ ਸੀਵਰੇਜ ਸਮੱਸਿਆਵਾਂ ਦਾ ਸਥਾਈ ਹੱਲ ਕੱਢਿਆ ਜਾਵੇਗਾ



**ਅੰਮ੍ਰਿਤਸਰ, 4 ਮਈ (ਆਵਾਜ਼ਿ ਕੌਮ ਬਿਊਰੋ)**-ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਭਾਜਪਾ ਉਮੀਦਵਾਰ ਸਾਬਕਾ ਰਾਜਦੂਤ ਸ. ਤਰਨਜੀਤ ਸਿੰਘ ਸੰਧੂ ਸਮੁੰਦਰੀ ਨੇ ਉਨ੍ਹਾਂ ਗੰਦੇ ਨਾਲੇ ਦਾ ਸਰਵੇਖਣ ਕੀਤਾ। ਗੁੰਮਟਾਲਾ ਪੁਲ 'ਤੇ ਨਿਕਾਸੀ ਗੰਦਾ ਨਾਲਾ ਦੀ ਸਮੱਸਿਆ ਦੇ ਸਮਾਧਾਨ ਹਿਤ ਅੰਮ੍ਰਿਤਸਰ ਵਿਕਾਸ ਮੰਚ, ਪ੍ਰਦੂਸ਼ਣ ਕੰਟਰੋਲ ਕਮੇਟੀ, ਵਾਇਸ ਆਫ ਅੰਮ੍ਰਿਤਸਰ, ਹਰਿਆਵਲ ਪੰਜਾਬ, ਮਿਸ਼ਨ ਆਗਾਜ਼, ਏਕ ਪੇਡ ਦੇਸ਼ ਕੇ ਨਾਮ, ਹੋਲੀ ਸਿਟੀ ਰੈਜ਼ੀਡੈਂਟਸ ਵੈਲਫੇਅਰ ਐਸੋਸੀਏਸ਼ਨ, ਗੁਰੂ ਅਮਰਦਾਸ ਰੈਜ਼ੀਡੈਂਟਸ ਐਸੋਸੀਏਸ਼ਨ ਰਣਜੀਤ ਐਵੀਨਿਊ, ਲੋਹਾਰਕਾ ਰੋਡ, ਸ. ਝੁਝਾਰ ਸਿੰਘ ਐਵੇਨਿਊ, ਸਵਿਸ ਸਿਟੀ, ਗਡਿਫੈਂਸ ਐਨਕਲੇਵ, ਗੋਬਿੰਦ ਵਿਹਾਰ ਦੇ ਨਿਵਾਸੀਆਂ ਅਤੇ ਕੁਝ ਐਨ ਜੀ ਓ ਵਲੋਂ ਦਿੱਤੇ ਜਾ ਰਹੇ ਰੋਸ ਧਰਨੇ ਵਿਚ ਸ਼ਮੂਲੀਅਤ ਕੀਤੀ। ਇਸ ਮੌਕੇ ਪ੍ਰਦਰਸ਼ਨਕਾਰੀਆਂ ਨੇ ਰਾਜ ਸਰਕਾਰ ਅਤੇ ਚੁਣੇ ਹੋਏ ਲੋਕ ਨੁਮਾਇੰਦੇ ਵਿਰੁੱਧ "ਖ਼ੂਨੀ ਨਾਲਾ ਬੰਦ ਕਰੋ" ਦੇ ਜ਼ਬਰਦਸਤ ਨਾਅਰੇ ਲਗਾਏ ਗਏ। ਗੰਦੇ ਨਾਲੇ 'ਤੇ ਸੰਧੂ ਸਮੁੰਦਰੀ ਨੇ ਕਿਹਾ ਕਿ ਭਾਰਤ ਦੇ ਅਨੇਕਾਂ ਸ਼ਹਿਰਾਂ ਜਿਨ੍ਹਾਂ 'ਚ ਇੰਦੌਰ ਅਤੇ ਬੰਗਲੌਰ ਸ਼ਾਮਿਲ ਹਨ, ਵਿਚ ਨਿਕਾਸੀ ਗੰਦੇ ਨਾਲਿਆਂ ਸਮੇਤ ਸੀਵਰੇਜ ਅਤੇ ਪੀਣ ਵਾਲੇ ਪਾਣੀ ਦੇ ਇੰਟਰਮਿਕਸਿੰਗ ਦੀ ਸਮੱਸਿਆ ਦਾ ਨਵੀਂ ਤਕਨੀਕ ਦੀ ਸਹਾਇਤਾ ਨਾਲ ਸਮਾਧਾਨ ਕੀਤੇ ਜਾ ਚੁੱਕੇ ਹਨ।। ਪਰ ਹੈਰਾਨੀ ਦੀ ਗਲ ਹੈ ਕਿ ਸਾਡੇ ਲੋਕ ਸਭਾ ਮੈਂਬਰ ਦੇ ਘਰ ਦੇ ਸਾਹਮਣੇ ਤੋਂ ਲੰਘਦਾ ਗੰਦਾ ਨਾਲ ਅੱਜ ਵੀ ਸਮੱਸਿਆਵਾਂ ਖੜੀਆਂ ਕਰ ਰਿਹਾ ਹੈ। ਭਾਵੇਂ ਕਿ ਲੋਕ ਜ਼ਿਹਰ ਵਰਗਾ ਪਾਣੀ ਪੀਣ ਲਈ ਮਜਬੂਰ ਹਨ। ਪਰ ਕਦੀ ਵੀ ਸੰਸਦ ਦਾ ਧਿਆਨ ਉਸ ਵਲ ਨਹੀਂ ਗਿਆ। ਉਸ ਵੱਲੋਂ ਕਦੀ ਵੀ ਇਸ ਨੂੰ ਸੁਲਝਾਉਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਸੰਧੂ ਸਮੁੰਦਰੀ ਨੇ ਕਿਹਾ ਕਿ ਗੰਦੇ ਨਾਲੇ ਨੂੰ ਕਵਰ ਕਰ ਲੈਣਾ ਹੀ ਇਸ ਦਾ ਸਮਾਧਾਨ ਨਹੀਂ ਹੋਵੇਗਾ। ਨਾਲੇ ਨੂੰ ਕਵਰ ਕਰਨ ਨਾਲ ਜੋ ਗੈਸ ਪੈਦਾ ਹੋਵੇਗੀ ਉਹ ਸਿਹਤ ਲਈ ਨੁਕਸਾਨ ਦੇਹ ਤੇ ਖ਼ਤਰਨਾਕ ਹੋਵੇਗੀ। ਉਨ੍ਹਾਂ ਕਿਹਾ ਕਿ ਗੰਦੇ ਨਾਲੇ ਦੀ ਬਦਬੂ ਅਤੇ ਗੈਸ ਵਾਤਾਵਰਨ ਨੂੰ ਜ਼ਿਹਰੀਲਾ ਬਣਾ ਰਿਹਾ ਹੈ, ਗੰਦੇ ਨਾਲੇ ਦਾ ਪਾਣੀ ਜ਼ਮੀਨ 'ਚ ਰਿਸ ਕੇ ਲੋਕਾਂ ਦੇ ਪੀਣ ਵਾਲੇ ਪਾਣੀ ਨੂੰ ਵੀ ਪ੍ਰਦੂਸ਼ਿਤ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਮੈ ਦੇਸ਼ ਵਿਦੇਸ਼ 'ਚ ਭਾਰਤ ਨੂੰ ਸਰਵਿਸ ਦਿੱਤੀ ਹੈ। ਮੈਂ ਜਾਣਦਾ ਹਾਂ ਕਿ ਇਨ੍ਹਾਂ ਸਮੱਸਿਆਵਾਂ ਦਾ ਹੱਲ ਸੀਵਰੇਜ ਅਤੇ ਵਾਟਰ ਟਰੀਟਮੈਂਟ ਪਲਾਂਟ ਹੈ। ਉਨ੍ਹਾਂ ਕਿਹਾ ਮੈ ਕੋਈ ਸਿਹਰਾ ਨਹੀਂ ਲੈਣਾ, ਸੇਵਾ ਕਰਨੀ ਹੈ। ਇਹ ਸਾਡੇ ਬਚਿਆਂ ਲਈ ਅਤੇ ਆਉਣ ਵਾਲੀ ਪੀੜ੍ਹੀ ਲਈ ਹੈ। ਉਨ੍ਹਾਂ ਕਿਹਾ ਕਿ ਸੱਚੇ ਪਾਤਸ਼ਾਹ ਦੀ ਮਿਹਰ ਨਾਲ ਜੇ ਉਨ੍ਹਾਂ ਨੂੰ ਮੌਕਾ ਮਿਲਿਆ ਤਾਂ ਲੋਕਾਂ ਦੀਆਂ ਪ੍ਰੇਸ਼ਾਨੀਆਂ ਦੂਰ ਕੀਤੀਆਂ ਜਾਣਗੀਆਂ। 2027 ਨੂੰ ਜਦੋਂ ਗੁਰੂ ਨਗਰੀ ਦੇ 450 ਸਾਲਾ ਸਥਾਪਨਾ ਦਿਵਸ ਆਵੇਗਾ ਉਸ ਵਕਤ ਸ਼ਹਿਰ ਵਿਚੋਂ ਗੰਦੀ ਅਤੇ ਪ੍ਰਦੂਸ਼ਣ ਖ਼ਤਮ ਹੋ ਚੁੱਕਿਆ ਹੋਵੇਗਾ, ਇਹ ਸ਼ਹਿਰ ਇੰਦੌਰ ਨੂੰ ਸਫ਼ਾਈ ਦੇ ਮਾਮਲੇ ਵਿਚ ਪੂਰੀ ਟੱਕਰ ਦੇਵੇਗੀ। ਇਸ ਕਾਰਜ ਲਈ ਪ੍ਰਧਾਨ ਮੰਤਰੀ ਮੋਦੀ ਤੋਂ ਵਿਸ਼ੇਸ਼ ਪੈਕੇਜ ਲਿਆਂਦਾ ਜਾਵੇਗਾ। ਸੰਧੂ ਸਮੁੰਦਰੀ ਨੇ ਕਿਹਾ ਕਿ ਲੋਕ ਚਾਹੁਣ ਤਾਂ ਉਹ ਇਸ ਖੇਤਰ ਨੂੰ ਸੁੰਦਰੀਕਰਨ ਦਾ ਹਿੱਸਾ ਬਣਾਉਣ ਲਈ ਕੇਂਦਰ ਤੋਂ ਸਕੀਮ ਬਣਾਉਣ ਬਾਰੇ ਪਹੁੰਚ ਕਰਾਂਗਾ। ਇਸ ਮੌਕੇ ਸਮਾਜ ਸੇਵੀ ਸੰਸਥਾਵਾਂ ਨੇ ਸੰਧੂ ਸਮੁੰਦਰੀ ਨੂੰ ਸਹਿਯੋਗ ਦਾ ਭਰੋਸਾ ਦਿੱਤਾ। ਭਾਜਪਾ ਹਲਕਾ ਇੰਚਾਰਜ ਕੁਮਾਰ ਅਮਿਤ ਨੇ ਕਿਹਾ ਕਿ ਜਿਹੜਾ ਸ਼ਖ਼ਸ ਐੱਮ ਪੀ ਬਣ ਕੇ ਵੀ ਆਪਣੇ ਘਰ ਦੇ ਸਾਹਮਣੇ ਵਾਲੇ ਗੰਦੇ ਨਾਲੇ ਦੀ ਸਮੱਸਿਆ ਦੂਰ ਕਰਨ 'ਚ ਕੁਝ ਨਹੀਂ ਕਰ ਸਕਿਆ ਉਹ ਅੱਗੇ ਵੀ ਕੁਝ ਨਹੀਂ ਕਰ ਸਕੇਗਾ। ਉਨ੍ਹਾਂ ਕਿਹਾ ਕਿ ਤਰਨਜੀਤ ਸਿੰਘ ਸੰਧੂ ਐੱਮ ਪੀ ਬਣਦੇ ਹਨ ਤਾਂ ਇਸ ਸਮੱਸਿਆ ਨੂੰ ਦੂਰ ਕਰਨ ਲਈ ਕੇਂਦਰ ਤੋਂ ਵਿਸ਼ੇਸ਼ ਸਕੀਮ ਲੈ ਕੇ ਆਉਣਗੇ। ਉਨ੍ਹਾਂ ਤਰਨਜੀਤ ਸਿੰਘ ਸੰਧੂ ਭਾਜਪਾ ਉਮੀਦਵਾਰ ਨੂੰ ਜਿੱਤ ਦਿਵਾਉਣ ਲਈ ਕਲਮ ਦੇ ਫੁੱਲ 'ਤੇ ਮੋਹਰ ਲਾਉਣ ਦੀ ਅਪੀਲ ਕੀਤੀ। ਇਸ ਮੌਕੇ ਸੰਤੋਖ ਸਿੰਘ ਗੁਮਟਾਲਾ, ਜਸਪਾਲ ਸਿੰਘ ਹੋਲੀ ਸਿਟੀ, ਜਸਕਰਨ ਸਿੰਘ ਕੌਂਸਲਰ, ਸਪਨਾ ਭਟੀ, ਨਿਸ਼ੂ ਗੋਇਲ, ਪੂਨਮ ਮਲਹੋਤਰਾ, ਮਨਜੀਤ ਕੌਰ, ਸਤਵਿੰਦਰ ਕੌਰ, ਦੀਪਕ ਵੀ ਮੌਜੂਦ ਸਨ।

> ਕਿਹਾ ਜਿਸ ਲੋਕ ਸਭਾ ਮੈਂਬਰ ਤੋਂ ਆਪਣੇ ਘਰ ਦੇ ਸਾਹਮਣੇ ਵਗਦੇ ਗੰਦੇ ਨਾਲੇ ਦੀ ਸਮੱਸਿਆ ਦੂਰ ਨਹੀਂ ਕੀਤੀ ਜਾ ਸਕੀ ਉਹ ਹੋਰ ਕੀ ਕਰੇਗਾ?

ਚੋਣਾਂ ਤੋਂ ਪਹਿਲਾਂ ਹੀ 800 ਕਰੋੜ ਤੋਂ ਵੱਧ ਰਕਮ ਨਾਲ ਭਾਜਪਾ ਉਮੀਦਵਾਰ ਤਰਨਜੀਤ ਸੰਧੂ ਸਮੁੰਦਰੀ ਵੱਲੋਂ ਸਟਾਰਟ-ਅੱਪ ਲਈ ਅਮਲ ਸ਼ੁਰੂ

# ਛੇਹਰਟਾ ਦੇ ਲੋਕਾਂ ਨੂੰ ਪ੍ਰੇਸ਼ਾਨੀਆਂ ਤੋਂ ਛੁਟਕਾਰਾ ਦਿਵਾਉਣ 'ਚ ਭਾਜਪਾ ਹੀ ਸਮਰੱਥ : ਤਰਨਜੀਤ ਸਿੰਘ ਸੰਧੂ



**ਅੰਮ੍ਰਿਤਸਰ, 4 ਮਈ (ਆਵਾਜ਼ਿ ਕੌਮ ਬਿਊਰੋ)**-ਇਹ ਪਹਿਲੀ ਵਾਰ ਹੈ ਕਿ ਉਮੀਦਵਾਰ ਵੱਲੋਂ ਕੀਤੇ ਜਾ ਰਹੇ ਵਾਅਦਿਆਂ 'ਤੇ ਚੋਣਾਂ ਤੋਂ ਪਹਿਲਾਂ ਹੀ ਅਮਲ ਸ਼ੁਰੂ ਹੋ ਰਿਹਾ ਹੈ। ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਭਾਜਪਾ ਉਮੀਦਵਾਰ ਸਾਬਕਾ ਰਾਜਦੂਤ ਸ. ਤਰਨਜੀਤ ਸਿੰਘ ਸੰਧੂ ਸਮੁੰਦਰੀ ਨੇ ਦੱਸਿਆ ਕਿ ਅਮਰੀਕਾ ਦੇ ਪ੍ਰਵਾਸੀ ਭਾਰਤੀ ਭਾਈਚਾਰੇ ਵੱਲੋਂ 'ਵਿਕਸਿਤ ਅੰਮ੍ਰਿਤਸਰ ਇਨਵੈਸਟਮੈਂਟ' ਦੇ ਨਾਮ ਹੇਠ ਅੰਮ੍ਰਿਤਸਰ ਦੇ ਨੌਜਵਾਨਾਂ ਨੂੰ ਰੁਜ਼ਗਾਰ ਮੁਹਇਆ ਕਰਾਉਣ ਅਤੇ ਸਟਾਰਟ-ਅੱਪ ਸ਼ੁਰੂ ਕਰਨ ਲਈ 800 ਕਰੋੜ ਰੁਪਏ ਤੋਂ ਵੱਧ ਦੀ ਰਕਮ ਜੁਟਾਈ ਗਈ ਹੈ।

ਤਰਨਜੀਤ ਸਿੰਘ ਸੰਧੂ ਸਮੁੰਦਰੀ ਅੱਜ ਛੇਹਰਟਾ ਦੇ ਵਾਰਡ ਨੰਬਰ 82 ਵਿਖੇ ਭਾਜਪਾ ਦੇ ਕੌਂਸਲਰ ਅਰਵਿੰਦ ਸ਼ਰਮਾ ਵੱਲੋਂ ਆਯੋਜਿਤ ਜਨਤਕ ਚੋਣ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਦੱਸਿਆ ਕਿ ਇਹ ਦੋ ਅਪ੍ਰੈਲ ਨੂੰ ਅੰਮ੍ਰਿਤਸਰ ਵਿਖੇ ਉਨ੍ਹਾਂ ਵੱਲੋਂ ਕੀਤੇ ਗਏ ਬਿਜ਼ਨਸ ਸੰਮੇਲਨ ਦੌਰਾਨ ਲਏ ਗਏ ਫ਼ੈਸਲਿਆਂ ਨੂੰ ਬੂਰ ਲੱਗਿਆ ਹੈ। ਅਮਰੀਕਾ ਦੇ ਭਾਰਤੀ ਪ੍ਰਵਾਸੀਆਂ ਜਿਨ੍ਹਾਂ 'ਚੋਂ ਜ਼ਿਆਦਾਤਰ ਸੰਬੰਧ ਅੰਮ੍ਰਿਤਸਰ ਨਾਲ ਹਨ, ਵੱਲੋਂ ਅਜਿਹਾ ਕਰਦਿਆਂ ਗੁਰੂ ਨਗਰੀ ਪ੍ਰਤੀ ਸਮਰਪਣ ਭਾਵਨਾ ਦਾ ਪ੍ਰਗਟਾਵਾ ਕੀਤਾ ਹੈ। ਇਸ ਮੌਕੇ ਕੌਂਸਲਰ ਅਰਵਿੰਦ ਸ਼ਰਮਾ ਨੇ ਛਿਹਰਟਾ ਦੀਆਂ ਮੁਸ਼ਕਲਾਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਇਹ ਪਹਿਲਾਂ ਇੰਡਸਟਰੀ ਦਾ ਗੜ੍ਹ ਸੀ, ਹੁਣ ਲੋਕ ਪਲਾਟ ਕੱਟ ਰਹੇ ਹਨ। ਉਨ੍ਹਾਂ ਕਿਹਾ ਕਿ ਇਥੇ ਨਸ਼ਿਆਂ ਤੋਂ ਇਲਾਵਾ ਸੀਵਰੇਜ ਦੀ ਸਮੱਸਿਆ ਹੈ ਪਰ ਸਰਕਾਰ ਅਤੇ ਚੁਣੇ ਹੋਏ ਐਮ ਪੀ ਨੇ 7 ਸਾਲਾਂ ਵਿਚ ਵੀ ਕੁਝ ਨਹੀਂ ਕੀਤਾ ਹੈ। ਜਿਸ 'ਤੇ ਤਰਨਜੀਤ ਸਿੰਘ ਸੰਧੂ ਸਮੁੰਦਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤ ਨੂੰ ਉਪਰ ਚੁੱਕਿਆ ਹੈ, ਅੱਜ ਹੋਰਨਾਂ ਦੇਸ਼ਾਂ ਵੱਲੋਂ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਭਾਰਤ ਵਲ ਦੇਖਿਆ ਜਾ ਰਿਹਾ ਹੈ ਅਤੇ ਸਮਾਧਾਨ ਲਈ ਮੋਦੀ ਨੂੰ ਫ਼ੋਨ ਕੀਤੇ ਜਾ ਰਹੇ ਹਨ, ਅਜਿਹੀ ਸਥਿਤੀ ਵਿਚ ਰਾਜ ਸਰਕਾਰ ਅਤੇ ਲੋਕ ਨੁਮਾਇੰਦੇ ਤੇ ਮੌਜੂਦਾ ਐਮ ਪੀ ਵੱਲੋਂ ਅੰਮ੍ਰਿਤਸਰ ਦੇ ਲੋਕਾਂ ਨੂੰ ਸਥਾਨਕ ਪ੍ਰੇਸ਼ਾਨੀਆਂ ਤੋਂ ਨਿਜਾਤ ਨਾ ਦਿਵਾ ਸਕਣਾ ਸ਼ਰਮ ਦੀ ਗਲ ਹੈ। ਇਸ ਲਈ ਲੋਕਾਂ ਦੀਆਂ ਪ੍ਰੇਸ਼ਾਨੀਆਂ ਦਾ ਹੱਲ ਨਾ ਕੱਢਣ ਵਾਲੀ ਸਰਕਾਰ ਅਤੇ ਲੋਕ ਨੁਮਾਇੰਦਿਆਂ ਨੂੰ ਇਸ ਵਾਰ ਲੋਕ ਸਬਕ ਸਿਖਾਉਣਗੇ। ਉਨ੍ਹਾਂ ਕਿਹਾ ਕਿ ਇਸ ਖੇਤਰ ਵਿਚ ਪੀਣ ਲਈ ਪਾਣੀ ਦੀ ਸਮੱਸਿਆ ਦੂਰ ਤਾਂ ਕਿਸੇ ਨੇ ਕੀ ਕਰਨੀ ਹੈ ਇੱਥੋਂ ਦੇ ਪਾਣੀ ਨਾਲ ਨਹਾਉਣਾ ਵੀ ਮੁਸ਼ਕਲ ਹੈ। ਇਥੇ ਪਾਣੀ ਨਹੀਂ ਲੋਕਾਂ ਨੂੰ ਜ਼ਿਹਰ ਪੀਣ ਲਈ ਰਾਜ ਸਰਕਾਰ ਤੇ ਲੋਕ ਨੁਮਾਇੰਦੇ ਮਜਬੂਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਛਿਹਰਟਾ ਵਿਚੋਂ ਸੀਵਰੇਜ ਸਿਸਟਮ ਠੀਕ ਕਰਨ, ਪੀਣ ਯੋਗ ਪਾਣੀ, ਰੁਜ਼ਗਾਰ ਅਤੇ ਇੰਡਸਟਰੀ ਨੂੰ ਮੁੜ ਲੀਹਾਂ 'ਤੇ ਸਥਾਪਿਤ ਕਰਨ ਦੀ ਸਮਰੱਥਾ ਭਾਜਪਾ ਕੋਲ ਹੀ ਹੈ। ਉਨ੍ਹਾਂ ਕਮਲ ਦੇ ਫੁੱਲ 'ਤੇ ਮੋਹਰ ਲਾ ਕੇ ਭਾਜਪਾ ਨੂੰ ਕਾਮਯਾਬ ਕਰਨ ਦੀ ਅਪੀਲ ਕੀਤੀ। ਇਸ ਮੌਕੇ ਹਲਕਾ ਇੰਚਾਰਜ ਕੁਮਾਰ ਅਮਿਤ ਨੇ ਕਿਹਾ ਕਿ ਭਾਜਪਾ ਦੀ ਨਰਿੰਦਰ ਮੋਦੀ ਸਰਕਾਰ ਦਾ ਅਗਲਾ ਲਕਸ਼ ਅੰਮ੍ਰਿਤਸਰ ਦੇ ਵਿਚ ਵਪਾਰ ਅਤੇ ਇੰਡਸਟਰੀ ਨੂੰ ਮੁੜ ਲੀਹਾਂ 'ਤੇ ਲਿਆਉਣ ਦਾ ਹੈ। ਇਸ ਕਾਰਜ ਲਈ ਤਰਨਜੀਤ ਸਿੰਘ ਸੰਧੂ ਨੂੰ ਪਾਰਲੀਮੈਂਟ 'ਚ ਭੇਜਿਆ ਜਾਣਾ ਜ਼ਰੂਰੀ ਹੈ। ਇਸ ਮੌਕੇ ਐਸਪੀ ਕੇਵਲ ਅਤੇ ਅਰਵਿੰਦ ਸ਼ਰਮਾ ਕੌਂਸਲਰ, ਰਮਨ ਕੁਮਾਰ ਛਿਹਰਟਾ, ਅਸ਼ਵਨੀ ਬਾਵਾ, ਹਰਿਵੰਸ਼ ਜੀ, ਨਿਰਮਲ ਸਿੰਘ ਠੇਕੇਦਾਰ, ਅਸ਼ਵਨੀ ਜੀ ਰਾਮ ਮੰਦਿਰ, ਸੁਰੇਸ਼ ਜੀ ਰਾਮ ਮੰਦਿਰ, ਸੁਸ਼ੀਲ ਦੇਵਗਨ, ਵਿੱਕੀ ਗੀਕੋ, ਸੋਰਜ ਮੈਦਾਨ, ਜੋਗਿੰਦਰ ਅਟਵਾਲ ਵੀ ਮੌਜੂਦ ਸਨ।

# ਅਜੈਬੀਰ ਪਾਲ ਸਿੰਘ ਰੰਧਾਵਾ ਭਾਜਪਾ ਸੂਬਾ ਕਾਰਜਕਾਰਨੀ ਮੈਂਬਰ ਬਣਾਏ ਗਏ

## ਤਰਨਜੀਤ ਸਿੰਘ ਸੰਧੂ ਸਮੁੰਦਰੀ ਦੇ ਸਲਾਹਕਾਰ ਟਿੱਕਾ ਅਤੇ ਪ੍ਰੋ. ਖਿਆਲਾ ਨੇ ਸ. ਰੰਧਾਵਾ ਨੂੰ ਕੀਤਾ ਸਨਮਾਨਿਤ



**ਅੰਮ੍ਰਿਤਸਰ, 4 ਮਈ (ਆਵਾਜ਼ਿ ਕੌਮ ਬਿਊਰੋ)**-ਭਾਰਤੀ ਜਨਤਾ ਪਾਰਟੀ ਨੇ ਸੂਬਾ ਪ੍ਰਧਾਨ ਸ੍ਰੀ ਸੁਨੀਲ ਜਾਖੜ ਨੇ ਅਜੈਬੀਰ ਪਾਲ ਸਿੰਘ ਰੰਧਾਵਾ ਸਾਬਕਾ ਸੀਨੀਅਰ ਡਿਪਟੀ ਮੇਅਰ ਅੰਮ੍ਰਿਤਸਰ ਨੂੰ ਸੂਬਾ ਕਾਰਜਕਾਰਨੀ ਮੈਂਬਰ ਬਣਾਇਆ ਹੈ। ਸ. ਰੰਧਾਵਾ ਰਾਜ 'ਚ ਸਭ ਤੋਂ ਘਟ ਉਮਰ ਦੇ ਸੀਨੀਅਰ ਡਿਪਟੀ ਮੇਅਰ ਰਹੇ ਹਨ। ਉਨ੍ਹਾਂ ਦੋ ਵਾਰ ਕੌਂਸਲਰ ਅਤੇ ਯੂਥ ਅਕਾਲੀ ਦਲ ਦੇ ਲੰਮਾ ਸਮਾਂ ਜਨਰਲ ਸਕੱਤਰ ਰਹਿਣ ਉਪਰੰਤ ਉਨ੍ਹਾਂ ਨੇ ਭਾਜਪਾ ਵਿਚ ਸ਼ਮੂਲੀਅਤ ਕੀਤੀ। ਸ. ਰੰਧਾਵਾ ਦੀ ਨਿਯੁਕਤੀ 'ਤੇ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਦੇ ਸਿਆਸੀ ਸਲਾਹਕਾਰ ਗੁਰਪ੍ਰਤਾਪ ਸਿੰਘ ਟਿੱਕਾ ਅਤੇ ਨਿੱਜੀ ਸਲਾਹਕਾਰ ਅਤੇ ਸੂਬਾਈ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਸ. ਰੰਧਾਵਾ ਦੀ ਨਿਯੁਕਤੀ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਨੇਤਾਵਾਂ ਨੇ ਇਸ ਅਹਿਮ ਨਿਯੁਕਤੀ ਲਈ ਸ. ਰੰਧਾਵਾ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਆਸ ਪ੍ਰਗਟਾਈ ਕਿ ਉਹ ਇਸ ਜ਼ਿੰਮੇਵਾਰੀ ਸੰਜੀਦਗੀ ਨਾਲ ਨਿਭਾਉਣਗੇ। ਇਸ ਮੌਕੇ ਸਰਦਾਰ ਰੰਧਾਵਾ ਨੇ ਨਿਯੁਕਤੀ ਲਈ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਸ੍ਰੀ ਜੇ ਪੀ ਨੱਢਾ ਜੀ, ਪੰਜਾਬ ਪ੍ਰਧਾਨ ਸ੍ਰੀ ਸੁਨੀਲ ਜਾਖੜ ਜੀ, ਪੰਜਾਬ ਦੇ ਸੰਗਠਨ ਮੰਤਰੀ ਮੰਥਰੀ ਸ੍ਰੀ ਨਿਵਾਸੁਲੂ ਜੀ, ਅੰਮ੍ਰਿਤਸਰ ਤੋਂ ਪਾਰਟੀ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਅਤੇ ਸਮੁੱਚੀ ਹਾਈ ਕਮਾਂਡ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਵੇਗਾ। ਇਸ ਮੌਕੇ ਸੁਖਪਾਲ ਸਿੰਘ ਲਾਲੀ ਧਨੋਆ, ਪ੍ਰਮਜੀਤ ਸਿੰਘ ਪੰਮੀ, ਗੋਬਿੰਦ ਸਿੰਘ, ਹਰਪ੍ਰੀਤ ਸਿੰਘ ਚਾਹਲ ਅਤੇ ਗੋਲਡੀ ਬਲ ਰਾਜਾਸਾਂਸੀ ਵੀ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਐਡਵੋਕੇਟ ਰਾਜੇਸ਼ ਹਨੀ ਨੂੰ ਤਰਨਜੀਤ ਸਿੰਘ ਸੰਧੂ ਸਮੁੰਦਰੀ ਨੇ ਸਿਆਸੀ ਸਲਾਹਕਾਰ ਨਿਯੁਕਤ ਕੀਤਾ




**ਅੰਮ੍ਰਿਤਸਰ, 4 ਮਈ (ਆਵਾਜ਼ਿ ਕੌਮ ਬਿਊਰੋ)**-ਅੰਮ੍ਰਿਤਸਰ ਤੋਂ ਭਾਜਪਾ ਉਮੀਦਵਾਰ ਅਤੇ ਅਮਰੀਕਾ 'ਚ ਭਾਰਤ ਦੇ ਰਾਜਦੂਤ ਰਹੇ ਸ. ਤਰਨਜੀਤ ਸਿੰਘ ਸੰਧੂ ਸਮੁੰਦਰੀ ਨੇ ਭਾਜਪਾ ਦੇ ਸਾਬਕਾ ਸੂਬਾਈ ਸਕਤਰ ਐਡਵੋਕੇਟ ਰਾਜੇਸ਼ ਹਨੀ ਨੂੰ ਸਿਆਸੀ ਸਲਾਹਕਾਰ ਨਿਯੁਕਤ ਕੀਤਾ ਹੈ। ਤਰਨਜੀਤ ਸਿੰਘ ਸੰਧੂ ਸਮੁੰਦਰੀ ਨੇ ਇਸ ਅਹਿਮ ਨਿਯੁਕਤੀ ਲਈ ਉਨ੍ਹਾਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਆਸ ਪ੍ਰਗਟਾਈ ਕਿ ਉਹ ਇਸ ਜ਼ਿੰਮੇਵਾਰੀ ਨੂੰ ਸੰਜੀਦਗੀ ਨਾਲ ਨਿਭਾਉਣਗੇ। ਐਡਵੋਕੇਟ ਰਾਜੇਸ਼ ਹਨੀ ਭਾਜਪਾ ਦੇ ਜਿਲ੍ਹਾ ਪ੍ਰਧਾਨ ਅੰਮ੍ਰਿਤਸਰ ਅਤੇ ਸਾਬਕਾ ਪੰਜਾਬ ਪ੍ਰਧਾਨ ਭਾਜਪਾ ਯੂਥ ਪੰਜਾਬ ਤੋਂ ਨਗਰ ਨਿਗਮ ਅੰਮ੍ਰਿਤਸਰ ਦੇ ਇਨਾਵਾ ਦੋ ਵਾਰ ਕੌਂਸਲਰ ਰਹੇ ਹਨ। ਹਨੀ ਨੇ ਨਵੀਂ ਨਿਯੁਕਤੀ ਲਈ ਸ. ਤਰਨਜੀਤ ਸਿੰਘ ਸੰਧੂ ਸਮੁੰਦਰੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ।

ਆਵਾਜ਼ਿ ਕੌਮ AWAZE QAUM International Newspaper & WEB TV




# ਜਨਮ ਦਿਨ ਮੁਬਾਰਕ





ਗੁਰਲੀਨ ਕੌਰ ਦੇ ਜਨਮਦਿਨ ਦੀਆਂ ਪਿਤਾ ਸਤਨਾਮ ਸਿੰਘ, ਮਾਤਾ ਇੰਦਰਪਰੀਤ ਕੌਰ ਵਾਸੀ ਪਿੰਡ ਚੰਨਣਕੇ ਤੇ ਸਮੂਹ ਰਿਸ਼ਤੇਦਾਰਾਂ ਨੂੰ ਵਧਾਈਆਂ।

ਆਵਾਜ਼ਿ ਕੌਮ AWAZE QAUM International Newspaper & WEB TV

### ਗੁਰੂ ਕੀ ਬੇਰ ਮੱਤੇਵਾਲ ਸਕੂਲ ਦਾ

# ਅੱਠਵੀਂ ਤੇ ਬਾਰ੍ਹਵੀਂ ਕਲਾਸ ਦਾ ਨਤੀਜਾ 100% ਰਿਹਾ



**ਚੌਕ ਮਹਿਤਾ, 4 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਗੁ: ਗੁਰੂ ਕੀ ਬੇਰ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਦੀ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਸੰਸਥਾ ਸੰਤ ਬਾਬਾ ਲਾਭ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ,ਗੁਰੂ ਕੀ ਬੇਰ ਮੱਤੇਵਾਲ ਅੰਮ੍ਰਿਤਸਰ ਦਾ ਅੱਠਵੀਂ ਤੇ ਬਾਰ੍ਹਵੀਂ ਕਲਾਸ ਦਾ ਨਤੀਜਾ 100% ਰਿਹਾ। ਜਿਸ ਵਿੱਚ ਪ੍ਰਭਜੋਤ ਕੌਰ ਪੁੱਤਰੀ ਅਮਨਦੀਪ ਸਿੰਘ (97.35%) ਪਹਿਲਾ, ਜੈਸਮੀਨ ਕੌਰ ਪੁੱਤਰੀ ਸਰਬਜੀਤ ਸਿੰਘ (96%) ਦੂਜਾ, ਜੈਸਮੀਨ ਕੌਰ ਪੁੱਤਰੀ ਸੁਖਚੈਨ ਸਿੰਘ(95.83%), ਜੁਝਾਰ ਸਿੰਘ ਪੁੱਤਰ ਰਣਜੀਤ ਸਿੰਘ(95.83%) ਅਤੇ ਤੁਸ਼ਾਰ ਕੁਮਾਰ ਪੁੱਤਰ ਰਾਕੇਸ਼ ਕੁਮਾਰ (95.83%)ਤੀਜਾ ਸਥਾਨ ਹਾਸਿਲ ਕੀਤਾ। ਇਸੇ ਤਰ੍ਹਾਂ ਬਾਰਵੀਂ ਜਮਾਤ (ਸਾਇੰਸ) ਜਪਨੀਤ ਕੌਰ ਪੁੱਤਰੀ ਗੁਰਜੀਤ ਸਿੰਘ(93.4%)ਪਹਿਲਾ, ਵਿਸ਼ਵਦੀਪ ਸਿੰਘ ਪੁੱਤਰ ਭੁਪਿੰਦਰ ਸਿੰਘ (91.4% ਦੂਜਾ ਅਤੇ ਨਵਜੋਤ ਕੌਰ ਪੁੱਤਰੀ ਜਸਵੰਤ ਸਿੰਘ(91%)ਤੀਸਰਾ (ਕਾਮਰਸ) ਮਨਜੋਤ ਸਿੰਘ ਪੁੱਤਰ ਕੁਲਜੀਤ ਸਿੰਘ (88.8%)ਪਹਿਲਾ, ਗੁਰਨੀਅਤ ਕੌਰ ਪੁੱਤਰੀ ਹਰਪਤਲ ਸਿੰਘ(88.4%)ਦੂਜਾ ਅਤੇ ਅਨਮੋਲਦੀਪ ਸਿੰਘ ਪੁੱਤਰ ਦਿਲਜੀਤ ਸਿੰਘ(87.2%) ਤੀਸਰਾ (ਆਰਟਸ) ਜਸ਼ਨਦੀਪ ਕੌਰ ਪੁੱਤਰੀ ਕੁਲਵੰਤ ਸਿੰਘ (93%) ਪਹਿਲਾ, ਪ੍ਰਭਨੀਤ ਕੌਰ ਪੁੱਤਰੀ ਮਨਜੋਧ ਸਿੰਘ(92.4%) ਦੂਜਾ ਅਤੇ ਮਨਕਰਨਦੀਪ ਕੌਰ ਪੁੱਤਰੀ ਨਿਰਜੀਤ ਸਿੰਘ(91.2%) ਤੀਸਰਾ ।ਇਸ ਮੌਕੇ ਪ੍ਰਿੰ: ਗੁਰਸੇਵਕ ਸਿੰਘ ਨੇ ਜਾਣਕਾਰੀ ਦਿੰਦਿਆਂ ਹੋਏ ਦਸਿਆ ਕਿ ਸੈਸ਼ਨ 2023-24 ਦੌਰਾਨ ਸਾਰੇ ਵਿਦਿਆਰਥੀ ਪਹਿਲੇ ਦਰਜੇ ਵਿੱਚ ਪਾਸ ਹੋਏ। ਇਸ ਮੌਕੇ ਸੰਸਥਾ ਪ੍ਰਧਾਨ ਸੰਤ ਬਾਬਾ ਸੱਜਣ ਸਿੰਘ ਜੀ ਨੇ ਬੱਚਿਆਂ ਨੂੰ ਸਿਰੋਪਾਉ ਅਤੇ ਸ਼ੀਲਡਾਂ ਦੇ ਕੇ ਸਨਮਾਨਿਤ ਕੀਤਾ ਅਤੇ ਬੱਚਿਆਂ ਨੂੰ ਭਵਿਖ ਲਈ ਅਸ਼ੀਰਵਾਦ ਦਿੱਤਾ ਅਤੇ ਸਟਾਫ ਨੂੰ ਵਧਾਈ ਦਿੱਤੀ। ।ਇਸ ਮੌਕੇ ਸ੍ਰ:ਗੁਰਦੇਵ ਸਿੰਘ ਯੂ.ਐਸ.ਏ. ਸ੍ਰ:ਤਰਸੇਮ ਸਿੰਘ, ਸ੍ਰ: ਸੁਖਵਿੰਦਰ ਸਿੰਘ, ਸ੍ਰ:ਜਗਰੂਪ ਸਿੰਘ, ਬਾਬਾ ਜੱਸਾ ਸਿੰਘ, ਬਾਬਾ ਰਾਜਾ, ਬਾਬਾ ਸੁੱਖਾ ਸਿੰਘ, ਰਣਜੀਤ ਸਿੰਘ ਬਾਬੋਵਾਲ, ਸਰਦਾਰ ਅਵਤਾਰ ਸਿੰਘ ਬੋਪਾਰਾਏ,ਨਿੰਦਰ ਸਿੰਘ ਭੋਏ, ਪਲਵਿੰਦਰ ਸਿੰਘ, ਵੀਰ ਸਿੰਘ, ਗੁਰਪ੍ਰੀਤ ਸਿੰਘ, ਮੈਡਮ ਗੁਰਬਿੰਦਰ ਕੌਰ,ਮੈਡਮ ਪਰਮਿੰਦਰ ਕੌਰ, ਮੈਡਮ ਸਿਮਰਜੀਤ ਕੌਰ, ਮੈਡਮ ਅਮਨਪ੍ਰੀਤ ਕੌਰ, ਮੈਡਮ ਹਰਪ੍ਰੀਤ ਕੌਰ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਲੋਹੀਆਂ ਖ਼ਾਸ ਮਹਿਤਪੁਰ ਵਿਖੇ

# ਚਰਨਜੀਤ ਸਿੰਘ ਚੰਨੀ ਦੇ ਹੱਕ ਵਿੱਚ ਭਰਵੀਂ ਮੀਟਿੰਗ ਕੀਤੀ ਗਈ



**ਸ਼ਾਹਕੋਟ (ਸੁਰਿੰਦਰ ਛਾਬੜਾ)**-ਸਬ ਤਹਿਸੀਲ ਮਹਿਤਪੁਰ ਵਿਖੇ ਐਸ ਐਸ ਫਾਰਮ ਵਿਚ ਕਾਂਗਰਸ ਪਾਰਟੀ ਦੇ ਉਮੀਦਵਾਰ ਚਰਨਜੀਤ ਸਿੰਘ ਚੰਨੀ ਦੇ ਹੱਕ ਵਿੱਚ ਭਰਵੀਂ ਮੀਟਿੰਗ ਕੀਤੀ ਗਈ। ਇਸ ਮੌਕੇ ਵਿਸ਼ੇਸ਼ ਤੌਰ ਤੇ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਵਿਧਾਇਕ ਸ਼ਾਹਕੋਟ ਨੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਕਾਂਗਰਸ ਦੇ ਰਾਜ ਵਿੱਚ ਜਦੋਂ ਮੁਖ ਮੰਤਰੀ ਸ ਚਰਨਜੀਤ ਸਿੰਘ ਚੰਨੀ ਸੀ ਤਾਂ ਲੋਕਾਂ ਦੇ ਬਿਜਲੀ ਦੇ ਬਿੱਲ, ਪਾਣੀ ਦੇ ਬਿਲ ਅਤੇ ਗਰੀਬ ਲੋਕਾਂ ਨੂੰ ਕਾਫੀ ਸਹੂਲਤਾਂ 3 ਮਹੀਨੇ ਦੇ ਕਾਰਜਕਾਲ ਵਿਚ ਪ੍ਰਦਾਨ ਕੀਤੀਆਂ ਸਨ , ਇਸ ਮੌਕੇ ਚੰਨੀ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਗੱਲ ਕਰਦਿਆਂ ਕਿਹਾ ਲੋਕ ਹੁਣ ਇਹਨਾਂ ਨੂੰ ਮੂੰਹ ਨੀ ਲਾਉਣਗੇ, ਆਪ ਦੀ ਸਰਕਾਰ ਕੋਈ ਵੀ ਵਾਅਦਾ ਨੀ ਪੂਰਾ ਨੀ ਕੀਤਾ, ਇਸ ਤੋਂ ਇਲਾਵਾ ਮੋਦੀ ਸਰਕਾਰ ਨੇ ਜਿਹੜਾ ਸੀ ਕਿ 15 ਲੱਖ ਹਰ ਵਿਅਕਤੀ ਨੂੰ ਦਿਤੇ ਜਾਣਗੇ ਉਹ ਵੀ ਦੇ ਸਕੀ , ਇਸ ਮੌਕੇ ਰਮੇਸ਼ ਮਹੇ ਪ੍ਰਧਾਨ, ਰਾਜ ਕੁਮਾਰ ਐਮ ਸੀ, ਮਹਿੰਦਰ ਸਿੰਘ ਟੁਰਨਾ, ਰਕੇਸ਼ ਮਹਿਤਾ, ਕਮਲ ਕਿਸ਼ੋਰ ਐਮ ਸੀ, ਪੰਕਜ਼ ਕੁਮਾਰ, ਧਰਮ ਪਾਲ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਸ ਅਮਰਜੀਤ ਸਿੰਘ ਸੋਹਲ ਸਾ ਚੇਅਰਮੈਨ, ਗੁਰਮੁਖ ਸਿੰਘ ਸੰਧੂ ਸਰਪੰਚ, ਕੁਲਵੀਰ ਸਿੰਘ, ਬਲਵਿੰਦਰ ਕੁਮਾਰ, ਰਾਜਾ ਸਰਪੰਚ ਬਲੰਦਾ, ਆਦਿ ਪੰਚ ਅਤੇ ਸਰਪੰਚ ਇਲਾਕੇ ਦੇ ਹਾਜ਼ਰ ਸਨ। ਫੋਟੋ ਕੈਪਸਨ ਮਹਿਤਪੁਰ ਵਿਖੇ ਰੈਲੀ ਦੋਰਾਨ ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ ਪੰਜਾਬ ਉਮੀਦਵਾਰ ਕਾਂਗਰਸ ਪਾਰਟੀ ਸਟੇਜ ਤੇ ਨਾਲ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਵਿਧਾਇਕ ਤੇ ਵਰਕਰ।

ਆਵਾਜ਼ਿ ਕੌਮ AWAZE QAUM International Newspaper & WEB TV

# ਐਸ.ਡੀ ਸਕੂਲ ਵਿਚ 10 ਤੋਂ 18 ਮਈ ਤੱਕ ਹੋਵੇਗੀ ਸ੍ਰੀ ਰਾਮ ਕਥਾ

ਫ਼ਿਰੋਜ਼ਪੁਰ, 4 ਮਈ (ਮਨੋਹਰ ਲਾਲ):— ਸ੍ਰੀ ਸਨਾਤਨ ਧਰਮ ਪ੍ਰਚਾਰ ਅਤੇ ਵੈਲਫੇਅਰ ਸੁਸਾਇਟੀ ਵੱਲੋਂ ਸ਼ਹਿਰ ਦੀਆਂ ਸਾਰੀਆਂ ਧਾਰਮਿਕ ਅਤੇ ਸਮਾਜਕ ਸੰਸਥਾਵਾਂ ਦੇ ਸਹਿਯੋਗ ਨਾਲ ਸ਼੍ਰੀ ਰਾਮ ਕਥਾ ਦਾ ਆਯੋਜਨ 10 ਤੋਂ 18 ਮਈ ਤੱਕ ਐਸ.ਡੀ. ਸੀਨੀਅਰ ਸੈਕੰਡਰੀ ਸਕੂਲ ਵਿਚ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਡਤ ਹਰੀ ਰਾਮ ਖਿੰਦੜੀ ਨੇ ਦੱਸਿਆ ਕਿ ਧਾਰਮਿਕ ਕਥਾ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ ਅਤੇ ਇਸ ਸ੍ਰੀ ਰਾਮ ਕਥਾ ਸਬੰਧੀ ਰੂਪ—ਰੇਖਾ ਵੀ ਤਿਆਰ ਕਰ ਲਈ ਗਈ ਹੈ। ਉਨ੍ਹਾਂ ਦੱਸਿਆ ਕਿ ਸੁਸਾਇਟੀ ਦੀ ਮੀਟਿੰਗ ਕਥਾ ਸਥਾਨ ਐਸ.ਡੀ. ਸਕੂਲ ਵਿਚ ਚੇਅਰਮੈਨ ਸੰਜੈ ਬਾਂਸਲ ਦੀ ਅਗਵਾਈ ਵਿਚ ਹੋਈ, ਜਿਸ ਵਿਚ ਪ੍ਰਧਾਨ ਮਨੀਸ਼ ਸ਼ਰਮਾ, ਉਪ ਪ੍ਰਧਾਨ ਰਾਮ ਅਵਤਾਰ, ਸਲਾਹਕਾਰ ਪੰਡਤ ਹਰੀ ਰਾਮ ਖਿੰਦੜੀ ਅਤੇ ਮੈਂਬਰ ਸੰਜੀਵ ਹਾਂਡਾ, ਤਰੁਣ ਚੋਪੜਾ, ਸੁਰਿੰਦਰ ਸ਼ਾਸਤਰੀ, ਅਸ਼ੋਕ ਗਰੋਵਰ, ਸੁਨੀਲ ਸ਼ਰਮਾ, ਮਨਮੋਹਨ ਅਰੋੜਾ, ਨਵੀਨ ਸ਼ਰਮਾ, ਰਜੇਸ਼ ਓਬਰਾਏ ਆਦਿ ਸ਼ਾਮਲ ਹੋਏ। ਇਸ ਦੌਰਾਨ ਕਥਾ ਆਯੋਜਨ ਸੰਬੰਧੀ ਕਾਰਡ ਰਿਲੀਜ਼ ਕੀਤਾ ਗਿਆ। ਸ੍ਰੀ ਰਾਮ ਕਥਾ ਵਿਚ ਸ਼ਹਿਰ ਵਾਸੀਆਂ ਨੂੰ ਸ਼ਾਮਿਲ ਹੋਣ ਦੀ ਅਪੀਲ ਕਰਦਿਆਂ ਪੰਡਤ ਹਰੀ ਰਾਮ ਖਿੰਦੜੀ ਨੇ ਦੱਸਿਆ ਕਿ 10 ਮਈ ਨੂੰ ਸ਼੍ਰੀ ਹਨੂੰਮਾਨ ਧਾਮ ਮੰਦਰ, ਮਾਲ ਰੋਡ ਤੋਂ ਕਲਸ਼ ਯਾਤਰਾ ਕੱਢੀ ਜਾਵੇਗੀ, ਜਿਸ ਉਪਰੰਤ ਸ਼ਾਮ 6 ਵਜੇ ਤੋਂ ਕਥਾਵਾਚਕ ਸ਼੍ਰੀ ਰਾਮ ਦਿਰਵੇਦੀ ਜੀ ਆਪਣੇ ਮੁੱਖੋਂ ਕਥਾ ਸੁਣਾਉਣਗੇ। ਉਨ੍ਹਾਂ ਦੱਸਿਆ ਕਿ ਇਸ ਮਹਾਂਯੱਗ ਵਿਚ ਬਾਬਾ ਲਾਲ ਦਿਆਲ ਮੰਦਰ ਧਿਆਨਪੁਰ ਤੋਂ ਸੁਆਮੀ ਕਮਲਪੁਰੀ ਜੀ ਮਹਾਰਾਜ ਜੀਰਾ ਵਾਲੇ, ਸੁਆਮੀ ਵਿੱਦਿਆਨੰਦ ਜੀ ਮਹਾਰਾਜਾ ਜੈਪੁਰ ਵਾਲੇ, ਬਾਬਾ ਬਲਦੇਵ ਗਿਰਿ ਜੀ ਬਾਲਕ ਨਾਥ ਮੰਦਰ ਵਾਲੇ, ਸੁਆਮੀ ਵਿੱਦਿਆਨੰਦ ਸਰਸਵਤੀ ਜੀ ਡੇਰਾ ਬਾਬਾ ਧਨੀ ਰਾਮ ਵਾਲੇ ਵਿਸ਼ੇਸ਼ ਰੂਪ ਵਿਚ ਸ਼ਾਮਲ ਹੋ ਰਹੇ ਹਨ ਅਤੇ ਉਕਤ ਸਾਰੇ ਸੰਤਾਂ ਅਤੇ ਮਹਾਂਪੁਰਖ ਰੱਥਾਂ ਤੇ ਸਵਾਰ ਹੋ ਕੇ ਕਲਸ਼ ਯਾਤਰਾ ਦੀ ਅਗਵਾਈ ਕਰਨਗੇ। ਉਨ੍ਹਾਂ ਦੱਸਿਆ ਕਿ ਕਲੱਸ਼ ਯਾਤਰਾ ਵਿਚ ਵਰਿੰਦਰ ਮੋਹਣ ਸਿੰਘਲ, ਡਾ: ਕਮਲ ਬਾਗੀ, ਡਾ: ਅਨਿਰੁੱਧ ਗੁਪਤਾ, ਸਮੀਰ ਮਿੱਤਰ, ਅਸ਼ੋਕ ਕੁਮਾਰ ਅਰੋੜਾ, ਰਿੰਪੀ, ਮਨੋਜ ਬਾਂਗਾ ਮਹਿਮਾਨਾਂ ਵਜੋਂ ਸ਼ਾਮਲ ਹੋਣਗੇ ਅਤੇ ਕਥਾ ਰੋਜ਼ਾਨਾ 6 ਤੋਂ 9 ਵਜੇ ਤੱਕ ਹੋਵੇਗੀ ਜਿਸ ਉਪਰੰਤ ਪ੍ਰਭੂ ਦਾ ਭੰਡਾਰਾ ਆਯੋਜਤ ਹੋਵੇਗਾ। ਇਸ ਮੌਕੇ ਬੋਲਦਿਆਂ ਪ੍ਰਧਾਨ ਮਨੀਸ਼ ਸ਼ਰਮਾ ਨੇ ਦੱਸਿਆ ਕਿ ਮੀਟਿੰਗ ਵਿਚ ਕਥਾ ਦੀਆਂ ਤਿਆਰੀਆਂ ਲਈ ਵੱਖ—ਵੱਖ ਕਮੇਟੀਆਂ ਦਾ ਗਠਨ ਕੀਤਾ ਗਿਆ ਜਿਨਾਂ ਵਿਚ ਮੰਚ ਸਜਾਵਟ ਕਮੇਟੀ ਦੇ ਇੰਚਾਰਜ ਰਜੇਸ਼ ਓਬਰਾਏ, ਪੰਡਾਲ ਦੇਖ—ਰੇਖ ਕਮੇਟੀ ਦੇ ਇੰਚਾਰਜ ਸੁਰਿੰਦਰ ਸ਼ਾਸਤਰੀ, ਭੰਡਾਰਾ ਸਟੋਰ ਕਮੇਟੀ ਇੰਚਾਰਜ ਰਮੇਸ਼ ਸ਼ਰਮਾ, ਲੰਗਰ ਅਤੇ ਪੀਣ ਵਾਲੇ ਪਾਣੀ ਕਮੇਟੀ ਇੰਚਾਰਜ ਪਰਸ਼ੋਤਮ ਚਾਵਲਾ, ਸਵਾਗਮ ਕਮੇਟੀ ਇੰਚਾਰਜ ਡਾ: ਪਰਮਿੰਦਰ ਸਿਕਰੀ, ਸੁਨੀਲ ਸ਼ਰਮਾ ਅਤੇ ਚੇਅਰਮੈਨ ਸੰਜੈ ਗੁਪਤਾ ਹੋਣਗੇ। ਉਨ੍ਹਾਂ ਦੱਸਿਆ ਕਿ ਕਥਾ ਸੁਨਣ ਆਉਣ ਵਾਲੀ ਸੰਗਤ ਦੇ ਜੋੜਿਆਂ ਦੀ ਸੇਵਾ ਇਨਸਾਨੀਅਤ ਸੇਵਾ ਦਲ ਨਿਭਾਏਗੀ।



# ਸ੍ਰੀ ਗੁਰੂ ਨਾਨਕ ਗਰਲਜ ਸੀ ਸੈ ਸਕੂਲ ਦਾ ਨਤੀਜਾ ਰਿਹਾ ਸ਼ਾਨਦਾਰ



**ਚੌਕ ਮਹਿਤਾ, 4 ਮਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਐਲਾਨੇ ਗਏ ਸਾਲ 2023-24 ਬਾਰ੍ਹਵੀਂ ਜਮਾਤ ਦੇ ਨਤੀਜਿਆਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਧੀਨ ਚਲ ਰਹੀ ਸੰਸਥਾ ਸ੍ਰੀ ਗੁਰੂ ਨਾਨਕ ਗਰਲਜ਼ ਸੀ:ਸੈ:ਸਕੂਲ ਘਿਉ ਮੰਡੀ, ਸ੍ਰੀ ਅੰਮ੍ਰਿਤਸਰ ਦੀਆ ਵਿਦਿਆਰਥਣਾਂ ਦਾ ਨਤੀਜਾ ਸੌ ਫੀਸਦੀ ਰਿਹਾ ਪ੍ਰਿੰਸੀਪਲ ਸ੍ਰੀਮਤੀ ਮਨਿੰਦਰਪਾਲ ਕੌਰ ਜੀ ਨੇ ਦੱਸਿਆ ਕਿ ਮੈਡੀਕਲ ਗਰੁੱਪ ਦੀ ਵਿਦਿਆਰਥਣ ਹਰਮਨਪ੍ਰੀਤ ਕੌਰ 92.6%, ਅਰਸ਼ਪ੍ਰੀਤ ਕੌਰ 92.4% ਅਤੇ ਪਲਕਪ੍ਰੀਤ ਕੌਰ 92%, ਨਾਨ-ਮੈਡੀਕਲ ਦੀ ਸਿਮਰਨ ਕੌਰ 92%, ਕਾਮਰਸ ਗਰੁੱਪ ਵਿੱਚ ਜਸਲੀਨ ਕੌਰ 93.6% ਰਮਨਪ੍ਰੀਤ ਕੌਰ 92.4% , ਮਨਜੋਤ ਕੌਰ ਅਤੇ ਰੋਜ਼ਦੀਪ ਕੌਰ ਨੇ 91.8%, ਆਰਟਸ ਗਰੁੱਪ ਵਿੱਚ ਹਰਪ੍ਰੀਤ ਕੌਰ ਨੇ 90.8% ਅੰਕ ਪ੍ਰਾਪਤ ਕਰ ਕੇ ਸਕੂਲ ਦਾ ਨਾਮ ਰੋਸ਼ਨ ਕੀਤਾ। ਸਵੇਰ ਦੀ ਸਭਾ ਵਿੱਚ ਪ੍ਰਿੰਸੀਪਲ ਸਾਹਿਬਾ ਵੱਲੋਂ ਵਿਦਿਆਰਥਣਾਂ ਅਤੇ ਉਹਨਾਂ ਦੇ ਮਾਤਾ ਪਿਤਾ ਨੂੰ ਵਧਾਈ ਦਿੰਦੇ ਹੋਏ ਵਿਦਿਆਰਥਣਾਂ ਦੀ ਹੌਸਲਾ ਅਫ਼ਜਾਈ ਕੀਤੀ ਅਤੇ ਉਹਨਾਂ ਨੂੰ ਹੋਰ ਮਿਹਨਤ ਕਰਨ ਲਈ ਉਤਸ਼ਾਹਿਤ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

# ਜੀਵਨਜੋਤ ਜੇ.ਜੇ ਮਾਡਰਨ ਹਾਈ ਸਕੂਲ, ਖਾਸਾ ਦਾ ਬੋਰਡ ਦਾ ਨਤੀਜਾ 100 ਪ੍ਰਤੀਸ਼ਤ ਰਿਹਾ




ਚੌਕ ਮਹਿਤਾ 4 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ ) - ਜੀਵਨਜੋਤ ਜੇ.ਜੇ ਮਾਡਰਨ ਹਾਈ ਸਕੂਲ ਜੀ.ਟੀ ਰੋਡ ਖਾਸਾ ਦਾ ਬੋਰਡ ਕਲਾਸਾਂ ਦਾ ਨਤੀਜਾ 100 ਫੀਸਦੀ ਰਿਹਾ ।ਜਿਸ ਵਿੱਚ ਅੱਠਵੀ ਜਮਾਤ ਦੀ ਭਵਨੀਤ ਕੌਰ ਨੇ 91 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ,ਸੁਮਨਪ੍ਰੀਤ ਕੌਰ ਅਤੇ ਹਸਨਪ੍ਰੀਤ ਸਿੰਘ ਨੇ 90 ਫੀਸਦੀ ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ ਅਤੇ ਨਵਪ੍ਰੀਤ ਕੌਰ ਨੇ 89.16 ਫੀਸਦੀ ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ ।ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੋਰਡ ਕਲਾਸਾਂ ਪੰਜਵੀ ,ਅੱਠਵੀ ਅਤੇ ਦਸਵੀਂ ਦੇ ਵਿਦਿਆਰਥੀਆਂ ਦੀ ਵਧੀਆ ਕਾਰਗੁਜ਼ਾਰੀ ਸਦਕਾ 100 ਪ੍ਰਤੀਸ਼ਤ ਨਤੀਜਾ ਆਉਣ ਦਾ ਸਿਹਰਾ ਪ੍ਰਿੰਸੀਪਲ ਹਰਮੀਤ ਸਿੰਘ ਨੇ ਸਮੂੰਹ ਅਧਿਆਪਕਾਂ ਦੀ ਅਣਥਕ ਮਿਹਨਤ ਅਤੇ ਮਾਪਿਆਂ ਦੇ ਸਹਿਯੋਗ ਨੂੰ ਦਿੱਤਾ ।ਇਸ ਮੌਕੇ ਤੇ ਪ੍ਰਿੰਸੀਪਲ ਅਤੇ ਸਮੂੰਹ ਸਟਾਫ ਨੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ ਅਤੇ ਬੱਚਿਆਂ ਦਾ ਮੂੰਹ ਮਿੱਠਾ ਕਰਵਾਇਆ।

ਆਵਾਜ਼ਿ ਕੌਮ AWAZE QAUM International Newspaper & WEB TV

# ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਸੀਨੀਅਰ ਸਕੈਂਡਰੀ ਸਕੂਲ ਦਾ ਬਾਰਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ







ਫ਼ਿਰੋਜ਼ਪੁਰ, 4 ਮਈ (ਮਨੋਹਰ ਲਾਲ) :— ਸ਼੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਮੁਖੀ ਦਮਦਮੀ ਟਕਸਾਲ ਦੀ ਰਹਿਨੁਮਾਈ ਹੇਠ ਚੱਲ ਰਹੇ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਸਕੂਲ ਦੇ ਵਿਦਿਆਰਥੀਆਂ ਨੇ ਬਾਰਵੀਂ ਜਮਾਤ ਵਿੱਚੋਂ ਚੰਗੇ ਚੰਗੇ ਨੰਬਰ ਪ੍ਰਾਪਤ ਕਰਕੇ ਸਕੂਲ ਦਾ ਨਾਮ ਕੀਤਾ ਰੋਸ਼ਨ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗਿਆਨੀ ਭਾਈ ਸਾਹਿਬ ਸਿੰਘ ਤੇ ਜਥੇਦਾਰ ਭਾਈ ਸੁਖਦੇਵ ਸਿੰਘ ਮੁੱਖ ਬੁਲਾਰਾ ਦਮਦਮੀ ਟਕਸਾਲ ਨੇ ਦੱਸਿਆ ਕਿ ਸਕੂਲ ਦਾ ਸਾਲ 2024 ਦਾ ਜੋ ਬਾਰਵੀਂ ਕਲਾਸ ਦਾ ਨਤੀਜਾ ਆਇਆ ਹੈ ਉਹ ਬਹੁਤ ਹੀ ਸ਼ਾਨਦਾਰ ਰਿਹਾ, ਜਿਸ ਵਿੱਚ ਪਹਿਲਾ ਸਥਾਨ ਤਨਵੀਰ ਕੌਰ ਨੇ 97 ਪ੍ਰਤੀਸ਼ਤ ਨਾਲ, ਦੂਜਾ ਸਥਾਨ ਹਰਮਨਦੀਪ ਕੌਰ ਨੇ 93.2 ਫੀਸਦੀ ਤੇ ਤੀਸਰਾ ਸਥਾਨ ਵੀਰਪਾਲ ਕੌਰ ਨੇ 90.6 ਪ੍ਰਤੀਸ਼ਤ ਪ੍ਰਾਪਤ ਕਰਕੇ ਹਾਸਲ ਕੀਤਾ। ਬਾਰਵੀਂ ਜਮਾਤ ਵਿਚੋਂ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਅਤੇ ਸਮੂਹ ਸਟਾਫ ਵੱਲੋਂ ਮੁਬਾਰਕਬਾਦ ਦਿੰਦਿਆਂ ਖੁਸ਼ੀਆਂ ਸਾਂਝੀਆਂ ਕੀਤੀਆਂ ਗਈਆਂ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਜਸਪ੍ਰੀਤ ਕੌਰ ਨੇ ਬੱਚਿਆਂ ਨੂੰ ਵਧਾਈ ਦਿੱਤੀ ਅਤੇ ਅਤੇ ਕਿਹਾ ਕਿ ਇਹ ਵਿਦਿਆਰਥੀ ਆਉਣ ਵਾਲੇ ਸਮੇਂ ਵਿੱਚ ਕਿਸੇ ਚੰਗੇ ਮੁਕਾਮ ਤੇ ਪਹੁੰਚਣਗੇ ਅਤੇ ਆਪਣੇ ਪਿੰਡ ਦਾ ਫਿਰੋਜ਼ਪੁਰ ਜ਼ਿਲ੍ਹੇ ਦਾ ਅਤੇ ਸਾਡੇ ਸਕੂਲ ਦਾ ਨਾਮ ਰੋਸ਼ਨ ਕਰਨਗੇ ਸਾਡੀਆਂ ਦੁਆਵਾਂ ਸਦਾ ਇਨ੍ਹਾਂ ਦੇ ਨਾਲ ਹਨ। ਇਸ ਮੌਕੇ ਮਾਸਟਰ ਬਲਰਾਜ ਸਿੰਘ, ਮੈਡਮ ਅਨੁਰਾਧਾ ਸਮੇਤ ਸਕੂਲ ਦਾ ਸਮੁੱਚਾ ਸਟਾਫ ਅਤੇ ਵਿਦਿਆਰਥੀਆਂ ਦੇ ਮਾਤਾ ਪਿਤਾ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਇਨਸਾਫ ਲਈ 6 ਮਈ ਨੂੰ

# ਡੀ.ਸੀ ਦਫਤਰ ਮੂਹਰੇ ਦੇਵਾਂਗਾ ਧਰਨਾ : ਲਖਬੀਰ ਸਿੰਘ ਮਹਾਲਮ

**ਫ਼ਿਰੋਜ਼ਪੁਰ, 4 ਮਈ (ਮਨੋਹਰ ਲਾਲ) :—** ਸੋਸ਼ਲ ਮੀਡੀਆ ਪਰ ਲਾਈਵ ਹੋ ਕੇ ਆਪਣੀ ਜੀਵਨ ਲੀਲਾ ਖਤਮ ਕਰਨ ਦੇ ਦੋਸ਼ ਲਾਉਣ ਵਾਲੇ ਸੁਖਪ੍ਰੀਤ ਸਿੰਘ ਉਰਫ ਟੋਨੀ ਨੂੰ ਪਿੰਡ ਸੇ.ਖਵਾਂ, ਜ਼ੀਰਾ ਦੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਪੁਲਿਸ ਹਵਾਲੇ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਲਖਬੀਰ ਸਿੰਘ ਮਹਾਲਮ ਸਰਪ੍ਰਸਤ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਨੇ ਦੱਸਿਆ ਕਿ 22 ਅਪ੍ਰੈਲ ਨੂੰ ਪਿੰਡ ਦੇ ਵਸਨੀਕ ਸੁਖਪ੍ਰੀਤ ਸਿੰਘ ਉਰਫ ਟੋਨੀ ਪੁੱਤਰ ਮੰਗਲ ਸਿੰਘ ਨੇ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਤੇ ਵਾਈਰਲ ਕੀਤੀ ਸੀ, ਜਿਸ ਵਿਚ ਉਸ ਨੇ ਬੋਲਿਆ ਸੀ ਕਿ ਉਹ ਲਖਬੀਰ ਸਿੰਘ ਅਤੇ ਜ਼ਸਬੀਰ ਸਿੰਘ ਠੇਕੇਦਾਰ ਤੋਂ ਦੁਖੀ ਹੋ ਕੇ ਆਪਣੀ ਜੀਵਨ ਲੀਲਾ ਖਤਮ ਕਰਨ ਲੱਗਾ ਹੈ। ਉਨ੍ਹਾਂ ਦੱਸਿਆ ਕਿ ਇਸ ਬਾਰੇ ਪਤਾ ਲੱਗਣ ਤੇ ਤੁਰੰਤ ਅਸੀਂ ਪੁਲਿਸ ਪ੍ਰਸ਼ਾਸਨ ਨੂੰ ਦਰਖਾਸਤਾਂ ਦਿੱਤੀਆਂ ਸਨ ਅਤੇ ਉਸ ਤੋਂ ਬਾਅਦ ਸੁਖਪ੍ਰੀਤ ਸਿੰਘ ਉਰਫ ਟੋਨੀ ਦੇ ਪਿਤਾ ਮੰਗਲ ਸਿੰਘ ਪੁੱਤਰ ਜ਼ੋਗਾ ਸਿੰਘ ਨੇ ਇਕ ਵੀਡੀਓ ਸੋਸ਼ਲ ਮੀਡੀਆ ਤੇ ਪਾਈ, ਜਿਸ ਵਿਚ ਉਸ ਨੇ ਕਿਹਾ ਕਿ ਅਸੀਂ ਆਪਣੇ ਬੱਚੇ ਦੀ ਭਾਲ ਕਰਕੇ ਥੱਕ ਗਏ ਹਾਂ, ਪਰ ਉਹ ਨਹੀਂ ਮਿਲਿਆ, ਅਸੀਂ ਇਕ ਦਰਖਾਸਤ ਵੀ ਥਾਣਾ ਆਰਿਫਕੇ ਦਿੱਤੀ ਹੈ। ਸ੍ਰੀ ਲਖਬੀਰ ਸਿੰਘ ਨੇ ਦੋਸ਼ ਲਾਇਆ ਕਿ ਇਸ ਤੋਂ ਇਲਾਵਾ ਵੀ ਮੰਗਲ ਸਿੰਘ ਨੇ ਸਾਡੇ ਪਰ ਝੂਠੇ ਦੋਸ਼ ਲਗਾ ਕੇ ਭੱਦੀ ਸ਼ਬਦਾਵਲੀ ਵਰਤੀ ਸੀ।



ਆਵਾਜ਼ਿ ਕੌਮ AWAZE QAUM International Newspaper & WEB TV

ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਸਰਪ੍ਰਸਤ ਲਖਬੀਰ ਸਿੰਘ ਨੇ ਕਿਹਾ ਕਿ ਸਾਨੂੰ ਪਤਾ ਲੱਗਾ ਕਿ ਸੁਖਪ੍ਰੀਤ ਸਿੰਘ ਉਰਫ ਟੋਨੀ ਪਿੰਡ ਸੇਖਵਾਂ, ਜ਼ੀਰਾ ਦੇ ਗੁਰਦੁਆਰਾ ਸਾਹਿਬ ਵਿਚ ਬੈਠਾ ਹੋਇਆ ਹੈ ਤਾਂ ਅਸੀਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਇਤਲਾਹ ਦਿੱਤੀ ਅਤੇ ਪ੍ਰਬੰਧਕ ਕਮੇਟੀ ਨੇ ਸੁਖਪ੍ਰੀਤ ਸਿੰਘ ਉਰਫ ਟੋਨੀ ਨੂੰ ਪੁਲਿਸ ਪ੍ਰਸ਼ਾਸਨ ਦੇ ਹਵਾਲੇ ਕਰਵਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਕਤ ਸੁਖਪ੍ਰੀਤ ਸਿੰਘ ਅਤੇ ਉਸ ਦਾ ਬਾਪ ਮੇਰੇ ਨਾਲ ਰੰਜਿਸ਼ ਰੱਖਦੇ ਆ ਰਹੇ ਹਨ ਅਤੇ ਇਨ੍ਹਾਂ ਨੇ ਜ਼ਸਬੀਰ ਸਿੰਘ ਠੇਕੇਦਾਰ ਦੀ ਜਗ੍ਹਾ ਤੇ ਨਜਾਇਜ਼ ਕਬਜਾ ਕੀਤਾ ਸੀ। ਸ੍ਰੀ ਲਖਬੀਰ ਸਿੰਘ ਨੇ ਦੱਸਿਆ ਕਿ ਜ਼ਸਬੀਰ ਸਿੰਘ ਠੇਕੇਦਾਰ ਮੇਰੇ ਕੋਲ ਆਇਆ ਸੀ ਅਤੇ ਮੈਂ ਉਸ ਦੀ ਮੱਦਦ ਕੀਤੀ ਸੀ ਅਤੇ ਮੰਗਲ ਸਿੰਘ ਹੋਰਾਂ ਦੇ ਖਿਲਾਫ ਸਾਲ 2022 ਵਿਚ ਥਾਣਾ ਆਰਿਫਕੇ ਵਿਖੇ ਮੁਕੱਦਮਾ ਨੰਬਰ 77 ਦਰਜ ਹੋਇਆ ਸੀ। ਉਨ੍ਹਾਂ ਕਿਹਾ ਕਿ ਮੈਂ ਬੰਦੀ ਸਿੰਘਾਂ ਦੀ ਰਿਹਾਈ ਲਈ ਹਰ ਸਾਲ ਸੰਘਰਸ਼ ਕਰਦਾ ਹਾਂ ਅਤੇ ਮਿਤੀ 26 ਜਨਵਰੀ ਨੂੰ ਵੀ ਮੈਂ ਆਪਣੇ ਪਿੰਡ ਤੋਂ ਧਰਨੇ ਤੇ ਜਾ ਰਿਹਾ ਸੀ ਤਾਂ ਸੁੱਖਾ ਸਿੰਘ ਅਤੇ ਉਸਦੀ ਪਤਨੀ ਨੇ ਮੈਨੂੰ ਰੋਕ ਕੇ ਸੱਟਾਂ ਮਾਰੀਆਂ, ਕਿਉਂਕਿ ਸੁੱਖਾ ਸਿੰਘ ਤੇ ਮੰਗਲ ਸਿੰਘ ਆਪਸ ਵਿਚ ਮਿਲੇ ਹੋਏ ਹਨ, ਜਿਸ ਦੇ ਚਲਦਿਆਂ ਉਨ੍ਹਾਂ ਖਿਲਾਫ ਮੁਕੱਦਮਾ ਨੰਬਰ 7/2024 ਥਾਣਾ ਆਰਿਫਕੇ ਵਿਖੇ ਦਰਜ ਹੈ। ਉਨ੍ਹਾਂ ਦੱਸਿਆ ਕਿ ਉਕਤ ਲੋਕ ਮੇਰੇ ਅਤੇ ਮੇਰੇ ਪਰਿਵਾਰ ਵਿਰੁੱਧ ਭੱਦੀ ਸ਼ਬਦਾਵਲੀ ਵਰਤ ਕੇ ਝੂਠੀਆਂ ਵੀਡੀਓ ਪਾ ਰਹੇ ਹਨ, ਜਿਸ ਦੀ ਇਤਲਾਹ ਪੁਲਿਸ ਪ੍ਰਸ਼ਾਸਨ ਨੂੰ ਦਿੱਤੀ ਜਾ ਚੁੱਕੀ ਹੈ, ਪਰ ਉਕਤ ਮੁਲਜ਼ਮਾਂ ਵਿਰੁੱਧ ਕਾਰਵਾਈ ਨਹੀਂ ਕੀਤੀ ਗਈ।

ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਸਰਪ੍ਰਸਤ ਲਖਬੀਰ ਸਿੰਘ ਨੇ ਕਿਹਾ ਕਿ ਮੈਂ ਇਨਸਾਫ ਲੈਣ ਲਈ 6 ਮਈ 2024 ਨੂੰ ਡਿਪਟੀ ਕਮਿਸ਼ਨਰ ਦਫਤਰ ਮੂਹਰੇ ਧਰਨਾ ਦੇ ਰਿਹਾ ਹਾਂ ਅਤੇ ਮੈਂ ਸਾਰੀਆਂ ਸਿੱਖ ਜਥੇਬੰਦੀਆਂ ਅਤੇ ਸਮਾਜ ਸੇਵੀ ਜਥੇਬੰਦੀਆਂ ਤੇ ਕਿਸਾਨ ਜਥੇਬੰਦੀਆਂ ਨੂੰ ਬੇਨਤੀ ਕਰਦਾ ਹਾਂ ਕਿ ਇਨਸਾਫ ਲਈ ਮੇਰਾ ਸਾਥ ਦਿੱਤਾ ਜਾਵੇ, ਕਿਉਂਕਿ ਮੈਂ ਸਾਰੀ ਜਿੰਦਗੀ ਕੌਮ ਦੇ ਲੇਖੇ ਲਾਈ ਹੈ ਅਤੇ ਮੇਰੇ ਖਿਲਾਫ ਝੂਠੇ ਇਲਜਾਮ ਲਗਾਏ ਜਾ ਰਹੇ ਹਨ ਅਤੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਨੇ ਕੋਈ ਕਾਰਵਾਈ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਮੰਗਲ ਸਿੰਘ ਨੇ ਪੰਚਾਇਤ ਦੀ 21 ਮਰਲੇ ਜਗ੍ਹਾ ਤੇ ਵੀ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ ਅਤੇ ਇਸ ਨੇ ਸਮਸ਼ਾਨਘਾਟ ਦੇ ਗੇਟ ਤੇ ਆਪਣੇ ਪਿਦਾ ਦਾ ਫਰੀਡਮ ਫਾਈਟਰ ਦਾ ਬੋਰਡ ਬਣਾ ਕੇ ਲਾਇਆ ਹੋਇਆ ਹੈ ਅਤੇ ਇਸ ਦਾ ਪਿਤਾ ਫਰੀਡਮ ਫਾਈਟਰ ਨਹੀਂ ਹੈ। ਉਨ੍ਹਾਂ ਕਿਹਾ ਕਿ 6 ਮਈ ਨੂੰ ਇਨਸਾਫ ਲਈ ਅਣਮਿਥੇ ਸਮੇਂ ਲਈ ਧਰਨਾ ਲਗਾਇਆ ਜਾ ਰਿਹਾ ਹੈ।

### ਐਡਵੋਕੇਟ ਰਾਜਦੇਵ ਸਿੰਘ ਖਾਲਸਾ ਵੱਲੋ

# ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਨਾਲ ਕੀਤੀ ਬੰਦ ਕਮਰਾ ਮੀਟਿੰਗ

**ਬਰਨਾਲਾ, 4 ਮਈ ( ਅਵਤਾਰ ਸਿੰਘ ਸੰਧੂ )**-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਮੌਜੂਦਾ ਮੈਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਨੇ ਜਿਲਾ ਬਰਨਾਲਾ ਦੇ ਦੌਰੇ ਦੌਰਾਨ ਵੱਖ ਵੱਖ ਥਾਵਾ ਤੇ ਵਰਕਰਾ ਨੂੰ ਮਿਲਣ ਉਪਰੰਤ ਸ਼ੁਕਰਵਾਰ ਦੇਰ ਸ਼ਾਮ ਸਾਬਕਾ ਮੈਂਬਰ ਪਾਰਲੀਮੈਂਟ ਸੀਨੀਅਰ ਐਡਵੋਕੇਟ ਰਾਜਦੇਵ ਸਿੰਘ ਖਾਲਸਾ ਨਾਲ ਬੰਦ ਕਮਰਾ ਮੁਲਾਕਾਤ ਕੀਤੀ । ਭਾਵੇ ਇਸ ਮੁਲਾਕਾਤ ਦੇ ਬਾਰੇ ਸ੍ਰ ਖਾਲਸਾ ਦੇ ਨਿਜੀ ਸਹਾਇਕ ਅਵਤਾਰ ਸਿੰਘ ਸੰਧੂ ਵੱਲੋਂ ਕੋਈ ਖੁੱਲ ਕੇ ਗੱਲ ਤਾਂ ਨਹੀਂ ਦੱਸੀ ਸਿਮਰਨਜੀਤ ਸਿੰਘ ਮਾਨ ਰਾਜਦੇਵ ਸਿੰਘ ਖਾਲਸਾ ਤੋ ਲੋਕ ਸਭਾ ਹਲਕਾ ਸੰਗਰੂਰ ਲਈ ਉਨਾ ਪਾਸੋ ਸਮਰਥਨ ਲੈਣ ਲਈ ਪੁੱਜੇ ਸਨ। ਇਸ ਮੁਲਾਕਾਤ ਦੀ ਜਿੱਥੇ ਸ਼ਹਿਰ ਚ੍ ਚਰਚਾ ਦੀ ਵਿਸ਼ਾ ਬਣੀ ਰਹੀ ਉਥੇ ਹੀ ਸਿਆਸੀ ਹਲਕਿਆ ਚ੍ ਵੀ ਇਸ ਮੁਲਾਕਾਤ ਨੂੰ ਅਣਗੌਲਿਆ ਨਹੀ ਕੀਤਾ ਜਾ ਸਕਦਾ ਕਿਉਕੀ ਐਡਵੋਕੇਟ ਖਾਲਸਾ ਜਿਸ ਨੂੰ ਵੀ ਸਮਰਥਨ ਦੇ ਕੇ ਮੱਦਦ ਕਰਦੇ ਹਨ ਉਸ ਉਮੀਦਵਾਰ ਦੇ ਹੱਕ ਚ ? ਸੰਬੋਧਨ ਕਰਦਿਆ ਅਪਣੇ ਸਮਰਥਕਾਂ ਨੂੰ ਵੀ ਉਮੀਦਵਾਰ ਦੇ ਨਾਲ ਦੇ ਨਾਲ ਤੋਰਦੇ ਹਨ ਅਤੇ ਇਸ ਨਾਲ ਉਮੀਦਵਾਰ ਦੀ ਮਜਬੂਤ ਲਹਿਰ ਬਣਦੀ ਹੈ ਸ੍ਰ ਖਾਲਸਾ ਦਾ ਸਾਰੇ ਇਲਾਕੇ ਵਿੱਚ ਬਹੁਤ ਮਜਬੂਤ ਪ੍ਰਭਾਵ ਹੈ ਸ੍ਰ ਸਿਮਰਨਜੀਤ ਸਿੰਘ ਮਾਨ ਨੇ ਸ੍ਰ ਰਾਜਦੇਵ ਸਿੰਘ ਖਾਲਸਾ ਨੂੰ ਖਾਲਸਾ ਪੰਥ ਦਾ ਨਿਧੜਕ ਜਰਨੈਲ ਦੱਸਿਆ । ਇਸ ਮੋਕੇ ਸ੍ਰ ਖਾਲਸਾ ਜੀ ਦੇ ਨਿਜੀ ਸਹਾਇਕ ਅਵਤਾਰ ਸਿੰਘ ਸੰਧੂ ਲੱਬੀ ਸੰਧੂ , ਰਾਮ ਸਿੰਘ ਸੇਖਾ ਰੋੜ ਮੌਜੂਦ ਰਹੇ।

ਆਵਾਜ਼ਿ ਕੌਮ AWAZE QAUM International Newspaper & WEB TV



### ਨਰਾਇਣਗੜ੍ਹ 'ਚ ਹਰਿਆਣਾ ਦੇ ਮੁੱਖ ਮੰਤਰੀ ਦੀ ਆਮਦ ਤੋਂ ਪਹਿਲਾਂ ਚੱਲਦੇ ਗੁਰਮਤਿ ਸਮਾਗਮ 'ਚ

# ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਸਥਾਨ ਦੀ ਚੈਕਿੰਗ ਕਰਨਾ ਭਾਰੀ ਬੇਅਦਬੀ : ਸਰਨਾ

ਨਵੀਂ ਦਿੱਲੀ 4 ਮਈ (ਮਨਪ੍ਰੀਤ ਸਿੰਘ ਖਾਲਸਾ):- ਹਰਿਆਣੇ ਦੇ ਗੁਰਦੁਆਰੇ ਸ੍ਰੀ ਰਾਤਗੜ ਸਾਹਿਬ ਨਰਾਇਣਗੜ੍ਹ ਵਿੱਚ 29 ਅਪ੍ਰੈਲ ਵਿੱਚ ਚੱਲਦੇ ਗੁਰਮਤਿ ਸਮਾਗਮ ਵਿੱਚ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜੋ ਮੁੱਖ ਮੰਤਰੀ ਨਾਇਬ ਸੈਣੀ ਦੀ ਆਮਦ ਤੋਂ ਪਹਿਲਾ ਜੋ ਤਲਾਸ਼ੀ ਲਈ ਗਈ । ਉਸਨੇ ਪੂਰੀ ਦੁਨੀਆਂ ਵਿੱਚ ਸਿੱਖ ਹਿਰਦਿਆਂ ਨੂੰ ਡੂੰਘੀ ਸੱਟ ਮਾਰੀ ਹੈ । ਅੱਜ ਤੱਕ ਇਹ ਕਦੇ ਨਹੀ ਸੀ ਹੋਇਆ ਕਿ ਚਾਹੇ ਕਿੰਨਾ ਵੀ ਵੱਡਾ ਅਹੁਦੇਦਾਰ ਆਉਣਾ ਹੋਵੇ ਪਰ ਗੁਰੂ ਸਾਹਿਬ ਦੇ ਸਰੂਪ ਦੇ ਨੇੜੇ ਜਾਣ ਦੀ ਵੀ ਕਿਸੇ ਸਕਿਉਰਟੀ ਦੀ ਜੁਰਅਤ ਨਹੀ ਸੀ ਪਈ । ਪਰ ਹੁਣ ਭਾਜਪਾ ਦੇ ਰਾਜ ਵਿੱਚ ਇਹ ਵੀ ਹੋਣ ਲੱਗਿਆ ਹੈ ।



ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਇਸ ਘਟਨਾ ਦਾ ਨੋਟਿਸ ਲੈਂਦਿਆ ਪੜਤਾਲ ਕਰਵਾਕੇ ਪਹਿਲਾਂ ਤਾਂ ਇਸ ਸਮਾਗਮ ਦੇ ਪ੍ਰਬੰਧਕਾਂ ਦਾ ਪਤਾ ਕਰਵਾਕੇ ਉਹਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਤਲਬ ਕਰਕੇ ਸਖ਼ਤ ਤੋਂ ਸਖ਼ਤ ਸਜ਼ਾ ਲਗਾਈ ਜਾਵੇ । ਕਿਉਂਕਿ ਸਾਡੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਤੋਂ ਉੱਪਰ ਕੋਈ ਮੰਤਰੀ ਸੰਤਰੀ ਜਾਂ ਹੋਰ ਨਹੀ।

ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਪ੍ਰੈਸ ਨੂੰ ਜਾਰੀ ਬਿਆਨ ਰਾਹੀਂ ਕਿਹਾ ਕੀ ਹਰਿਆਣੇ ਦੇ ਮੁੱਖ ਮੰਤਰੀ ਨਾਇਬ ਸੈਣੀ ਨੂੰ ਇਸ ਘਟਨਾ ਦੀ ਨੈਤਿਕ ਤੌਰ ਤੇ ਜਿੰਮੇਵਾਰੀ ਲੈਂਦਿਆਂ ਸਿੱਖ ਕੌਮ ਤੋਂ ਮਾਫ਼ੀ ਮੰਗਣੀ ਚਾਹੀਦੀ ਹੈ ਜੇਕਰ ਉਹ ਮਾਫ਼ੀ ਨਹੀਂ ਮੰਗਦਾ ਤਾਂ ਸਿੱਖ ਕੌਮ ਨੂੰ ਉਸਦਾ ਸਮਾਜਿਕ ਬਾਈਕਾਟ ਕਰਨਾ ਚਾਹੀਦਾ ਹੈ ।

ਸਾਡੇ ਸਭ ਲਈ ਇਹ ਸੋਚਣ ਤੇ ਵਿਚਾਰਨ ਦਾ ਵੇਲਾ ਹੈ ਕਿ ਜੋ ਅੱਜ ਤੱਕ ਕਦੇ ਨਹੀਂ ਹੋਇਆ ਉਹ ਵੀ ਹੁਣ ਹਿੰਦੋਸਤਾਨ ਵਿੱਚ ਹੋਣ ਲੱਗ ਪਿਆ ਹੈ । ਦੇਸ਼ ਦੇ ਪ੍ਰਧਾਨ ਮੰਤਰੀ , ਰਾਸ਼ਟਰਪਤੀ ਤੇ ਹੋਰ ਵੱਡੇ ਵੱਡੇ ਅਹੁਦਿਆਂ ਤੇ ਬੈਠੇ ਵਿਅਕਤੀ ਵੀ ਗੁਰੂ ਘਰਾਂ ਵਿੱਚ ਨਤਮਸਤਕ ਹੋਣ ਆਉਂਦੇ ਰਹੇ ਹਨ । ਪਰ ਸਕਿਉਰਟੀ ਦੇ ਨਾਮ ਤੇ ਇਹੋ ਜਿਹੀ ਨੀਚ ਹਰਕਤ ਅੱਜ ਤੱਕ ਕਦੇ ਨਹੀਂ ਹੋਈ ।

ਉਨ੍ਹਾਂ ਕਿਹਾ ਕੀ ਅੱਜ ਹਰਿਆਣਾ ਕਮੇਟੀ ਦਾ ਪ੍ਰਧਾਨ ਭੁਪਿੰਦਰ ਸਿੰਘ ਅਸੰਧ ਤੇ ਬਲਜੀਤ ਸਿੰਘ ਦਾਦੂਵਾਲ ਕਿੱਥੇ ਹਨ.? ਕੀ ਉਹਨਾਂ ਕੀ ਕੋਈ ਜਿੰਮੇਵਾਰੀ ਨਹੀ ਬਣਦੀ ਜਿੰਨਾਂ ਨੇ ਸ਼੍ਰੋਮਣੀ ਕਮੇਟੀ ਨੂੰ ਕਮਜ਼ੋਰ ਕਰਨ ਲਈ ਸਦਾ ਜ਼ੋਰ ਲਗਾਇਆ ਹੈ । ਪਿਛਲੇ ਦਿਨੀਂ ਦਾਦੂਵਾਲ ਬੰਗਲਾ ਸਾਹਿਬ ਦੇ ਪਵਿੱਤਰ ਅਸਥਾਨ ਤੇ ਬੈਠਕੇ ਬੀਜੇਪੀ ਦੀ ਤਰਫਦਾਰੀ ਕਰ ਰਹੇ ਸਨ, ਅੱਜ ਇਸ ਬੇਅਦਬੀ ਦੀ ਘਟਨਾ ਦੇ ਏਨੇ ਦਿਨ ਲੱਗਣ ਦੇ ਬਾਵਜੂਦ ਜ਼ਬਾਨ ਨੂੰ ਤਾਲਾ ਕਿਉ ਲਗਿਆ ਹੋਇਆ ਹੈ.? ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕਾਬਜ਼ ਮੌਜੂਦਾ ਧਿਰ ਜੋ ਪੂਰੀ ਤਰ੍ਹਾਂ ਬੀਜੇਪੀ ਅੱਗੇ ਵਿਛ ਚੁੱਕੀ ਹੈ ਕੀ ਹੁਣ ਇਸ ਬੇਅਦਬੀ ਦੇ ਸਬੰਧੀ ਆਪਣੀ ਜ਼ੁਬਾਨ ਖੋਲੇਗੀ..? ਕੀ ਇਹ ਸਿਰਫ ਹੁਣ ਭਾਜਪਾ ਦੀ ਚਾਕਰੀ ਤੱਕ ਹੀ ਸੀਮਤ ਹੈ ।

ਆਵਾਜ਼ਿ ਕੌਮ AWAZE QAUM International Newspaper & WEB TV

# ਕਰਨੈਲ ਸਿੰਘ ਪੀਰਮੁਹੰਮਦ ਨੂੰ ਪੋਤਰੀ ਦੀ ਦਾਤ



ਸ਼੍ਰੋਮਣੀ ਅਕਾਲੀ ਦਲ ਦੇ ਜਰਨਲ ਸਕੱਤਰ ਅਤੇ ਬੁਲਾਰੇ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਆਪਣੀ ਧਰਮ ਸੁਪਤਨੀ ਸੁਖਵਿੰਦਰ ਕੌਰ ਸੁੱਖ ਨਾਲ ਆਪਣੇ ਸੋਸਲਮੀਡੀਆ ਅਕਾਊਂਟ ਤੇ ਫੋਟੋ ਪਾਕੇ ਲਿਖਿਆ ਹੈ ਕਿ ਅਸੀ ਅਕਾਲ ਪੁਰਖ ਦੀ ਅਪਾਰ ਬਖਸਿਸ਼ ਰਹਿਮਤ ਸਦਕਾ ਅਸੀ ਅੱਜ ਦਾਦਾ ਦਾਦੀ ਬਣ ਗਏ ਸਾਡੇ ਦਾਰਜੀ ਬੀਜੀ ਪੜਦਾਦਾ ਪੜਦਾਦੀ ਬਣ ਗਏ । ਉਹਨਾਂ ਦੱਸਿਆ ਸਾਡੇ ਵੱਡੇ ਬੇਟੇ ਜੁਡੀਸ਼ੀਅਲ ਮੈਜਿਸਟ੍ਰੇਟ ਕਮ ਸਿਵਲ ਜੱਜ ਜੁਗਰਾਜ ਸਿੰਘ ਸਿੱਧੂ ਦੇ ਗ੍ਰਹਿ ਸਾਡੀ ਪਿਆਰੀ ਬੇਟੀ ਨੂੰਹ ਸੁਪ੍ਰੀਤ ਕੌਰ ਸਿੱਧੂ ਨੇ ਨੰਨੀ ਬੱਚੀ ਨੂੰ ਜਨਮ ਦਿੱਤਾ ਹੈ । ਅਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਟਿਨ ਕੋਟਿ ਧੰਨਵਾਦ ਕਰਦੇ ਹਾ।

ਆਵਾਜ਼ਿ ਕੌਮ AWAZE QAUM International Newspaper & WEB TV

# ਵੱਖ ਵੱਖ ਵਾਤਾਵਰਣ ਪ੍ਰੇਮੀ ਜਥੇਬੰਦੀਆਂ ਵਲੋਂ ਗੁਮਟਾਲਾ ਡਰੇਨ ਤੇ ਬਣੇ ਪੁੱਲ ਉੱਪਰ ਹਿਊਮਨ ਚੈਨ ਬਣਾ ਕੇ ਕੀਤਾ ਰੋਸ ਪ੍ਰਦਰਸ਼ਨ: ਇੰਜੀ ਮਨਜੀਤ ਸਿੰਘ ਸੈਣੀ




**ਚੌਕ ਮਹਿਤਾ, 4 ਮਈ (ਬਾਬਾ ਸੁਖਵੰਤ ਸਿੰਘ)**-ਅੰਮ੍ਰਿਤਸਰ ਸ਼ਹਿਰ ਵਿੱਚੋਂ ਲੰਘਦੀ ਤੁੰਗ ਢਾਬ ਡਰੇਨ ਦਾ ਜਹਰੀਲਾ ਪਾਣੀ ਜੋ ਧਰਤੀ ਹੇਠ ਪਾਣੀ ਨੂੰ ਗੰਧਲਾ/ ਜ਼ਿਹਰੀਲਾ ਕਰ ਰਿਹਾ ਹੈ ਅਤੇ ਜਿਸ ਵਿੱਚੋਂ ਨਿਕਲਦੀਆਂ ਜਹਰੀਲੀਆਂ ਗੈਸਾਂ ਨੇ , ਨਾਲ ਲੱਗਦੀਆਂ ਕਲੋਨੀਆਂ ਦਾ ਜੀਵਨ ਦੁਖੀ / ਦੁਰਬਰ ਕੀਤਾ ਹੋਇਆ ਹੈ ਕੈਂਸਰ ਦਾ ਰੋਗ ਫੈਲ ਰਿਹਾ ਹੈ , ਦੇ ਪੱਕੇ ਹੱਲ ਲਈ , ਸ਼ਹਿਰ ਦੀਆਂ ਵਾਤਾਵਰਨ ਪ੍ਰੇਮੀ ਜਥੇਬੰਦੀਆਂ/ ਐਨ.ਜੀ. ਓਜ ਨੇ ਇਕੱਠੇ ਹੋ ਏਅਰਪੋਰਟ ਰੋਡ ਗੁਮਟਾਲਾ ਡਰੇਨ ਤੇ ਬਣੇ ਪੁਲ ਵਿਖੇ ਹਿਊਮਨ ਚੇਨ ਬਣਾ ਰੋਸ ਦਿਖਾਵਾ ਕੀਤਾ ਜਿਸ ਵਿੱਚ ਅੰਮ੍ਰਿਤਸਰ ਤੋਂ ਲੋਕ ਸਭਾ ਦੀ ਚੋਣ ਲੜ ਰਹੇ ਕਾਂਗਰਸ ਦੇ ਉਮੀਦਵਾਰ ਸ੍ਰੀ ਗੁਰਜੀਤ ਸਿੰਘ ਔਜਲਾ, ਅਕਾਲੀ ਦਲ ਦੇ ਉਮੀਦਵਾਰ ਸ੍ਰੀ ਅਨਿਲ ਜੋਸ਼ੀ , ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਸ੍ਰੀ ਤਰਨਜੀਤ ਸਿੰਘ ਸੰਧੂ ਵਾਤਾਵਰਨ ਪ੍ਰੇਮੀਆਂ ਵਿੱਚ ਸ਼ਾਮਿਲ ਹੋਏ ,ਮੌਕੇ ਤੇ ਅਪਣੇ ਅਪਣੇ ਇਸ ਪ੍ਰਤੀ ਕੀਤੇ ਕੰਮ ਦੱਸੇ ਅਤੇ ਵਾਇਦਾ ਕੀਤਾ ਕੀ ਉਹ ਇਸ ਮਸਲੇ ਨੂੰ ਪੂਰਨ ਗੰਭੀਰਤਾ ਨਾਲ ਲੈਣਗੇ ਅਤੇ ਪਹਿਲ ਦੇ ਆਧਾਰ ਤੇ ਹੱਲ ਕਰਵਾਉਣ ਦੀ ਕੋਸ਼ਿਸ਼ ਕਰਨਗੇ ਇਸ ਮੌਕੇ ਸ਼ਾਮਿਲ ਜਥੇਬੰਦੀਆਂ ਵਿੱਚ ਮਿਸ਼ਨ ਆਗਾਜ਼ , ਵੌਇਸ ਆਫ਼ ਅੰਮ੍ਰਿਤਸਰ , ਏਕਮ ਜੋਤ ਸੁਸਾਇਟੀ , ਪ੍ਰਦੂਸ਼ਣ ਕੰਟ੍ਰੋਲ ਸੋਸਾਇਟੀ , ਅੰਮ੍ਰਿਤਸਰ ਵਿਕਾਸ ਮੰਚ , ਅੰਮ੍ਰਿਤਸਰ ਹਰਿਆਵਲ ਮੰਚ ਅਤੇ ਹੋਰ ਲੋਕਲ ਰੈਜੀਡੈਂਟ ਸੋਸਾਇਟੀਆਂ ਤੋਂ ਇਲਾਵਾ ਖ਼ਾਸ ਤੌਰ ਹਰਿਆਵਲ ਪੰਜਾਬ ਮਿਸ਼ਨ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਅਹੁਦੇਦਾਰ ਸ੍ਰੀ ਪ੍ਰੋਫੈਸਰ ਰਾਜੀਵ ਸ਼ਰਮਾ , ਮਨਜੀਤ ਸਿੰਘ ਸੈਣੀ , ਨਿਰਮਲ ਸਿੰਘ ਅਨੰਦ, ਇਕਬਾਲ ਸਿੰਘ ਤੁੰਗ , ਮਲੋਡੀ ਜੀ , ਪੀ ਐਨ ਸ਼ਰਮਾ , ਮੁਕੇਸ਼ ਅਗਰਵਾਲ , ਜਸਪਾਲ ਸਿੰਘ ਸੈਣੀ , ਲਖਵਿੰਦਰ ਸਿੰਘ ਘੁੰਮਣ , ਲਖਵਿਦੰਰ ਸਿੰਘ ਗੁਮਟਾਲਾ ਆਦਿ ਸ਼ਾਮਿਲ ਹੋਏ ।ਇਨਵਾਇਰਮੈਂਟ ਕਮੇਟੀ ਦੇ ਮੈਂਬਰ ਸ੍ਰੀ ਦੀਪਕ ਬੱਬਰ ਅਤੇ ਸ੍ਰੀਮਤੀ ਇੰਦੂ ਅਰੋੜਾ ਜੀ ਵੀ ਪਹੁੰਚੇ। ਸ੍ਰੀ ਯੋਗੇਸ ਕੈਮਰਾ ਨੇ ਸਭ ਨੂੰ ਇੱਕ ਮੰਚ ਤੇ ਇਕੱਠੇ ਕਰਨ ਦਾ ਕੰਮ ਕੀਤਾ । ਸ਼੍ਰੀ ਪ੍ਰਕਾਸ਼ ਭੱਟੀ ਨੇ ਪਿਛਲੀਆਂ ਕੀਤੀਆਂ ਗਤੀਵਿਧੀਆਂ ਤੇ ਚਾਨਣਾ ਪਾਇਆ ।ਮਨਜੀਤ ਸਿੰਘ ਸੈਣੀ , ਪ੍ਰੋਫੈਸਰ ਰਾਜੀਵ ਸ਼ਰਮਾ ਅਤੇ ਡਾ: ਤੁੰਗ ਨੇ ਸ਼ਹਿਰ ਵਿੱਚ ਵੱਧ ਰਹੇ ਹਵਾ ਦੇ ਪ੍ਰਦੂਸ਼ਣ, ਡਿਗ ਰਹੇ ਪਾਣੀ ਦੇ ਲੈਵਲ , ਪੀਣ ਵਾਲੇ ਪਾਣੀ ਦੇ ਦੂਸਤ ਹੋਣ ਤੇ ਚਿੰਤਾ ਦਰਸਾਉਦੇਂ ਸ਼ਹਿਰ ਨੂੰ ਪ੍ਰਦੂਸ਼ਣ-ਮੁਕਤ ਕਰਨ ਤੇ ਜੋਰ ਦਿੱਤਾ । ਹਾਜਿਰ ਵਾਤਾਵਰਣ ਪ੍ਰੇਮੀਆਂ ਇਸ ਮੁਹਿੰਮ ਨੂੰ ਪੂਰ ਕਰਨ ਤੱਕ ਇਸ ਜਾਗਰਿਤਾ ਲਹਿਰ ਨੂੰ ਚਾਲੂ ਰੱਖਣ ਦਾ ਪ੍ਰਣ ਲਿਆ ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਕਬੀਰਾ ਫਾਊਂਡੇਸ਼ਨ ਨੇ

# ਸਕੂਲੀ ਬੱਚਿਆਂ ਨੂੰ ਵੰਡੀਆਂ ਕਾਪੀਆਂ, ਕਿਤਾਬਾਂ





ਫ਼ਿਰੋਜ਼ਪੁਰ, 4 ਮਈ (ਮਨੋਹਰ ਲਾਲ) :— ਬੱਚਿਆਂ ਨੂੰ ਸਿੱਖਿਆ ਗ੍ਰਹਿਣ ਕਰਨ ਲਈ ਪ੍ਰੇਰਿਤ ਕਰਦੀ ਆ ਰਹੀ ਸੁਸਾਇਟੀ ਕਬੀਰਾ ਫਾਊਂਡੇਸ਼ਨ ਫ਼ਿਰੋਜ਼ਪੁਰ ਵੱਲੋਂ ਸਰਕਾਰੀ ਸਕੂਲ ਵਿੱਚ ਬੱਚਿਆਂ ਨੂੰ ਕਾਪੀਆਂ ਵੰਡੀਆਂ ਗਈਆਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਗੌਰੀ ਮਹਿਤਾ ਨੇ ਦੱਸਿਆ ਕਿ ਫ਼ਿਰੋਜ਼ਪੁਰ ਸ਼ਹਿਰ ਵਿੱਚ ਸਥਿਤ ਸਿੱਖ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਵਿੱਚ ਇੱਕ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿਚ ਮੁੱਖ ਮਹਿਮਾਨ ਵਜੋਂ ਜੈਨੇਸਿਸ ਡੈਂਟਲ ਕਾਲਜ ਅਤੇ ਹਸਪਤਾਲ ਦੀ ਸੰਯੁਕਤ ਚੇਅਰਮੈਨ ਮੀਨਾਕਸ਼ੀ ਸਿੰਘਲ, ਸੀ.ਏ ਵਰਿੰਦਰ ਮੋਹਨ ਸਿੰਘਲ ਦੀ ਧਰਮ ਪਤਨੀ ਅਤੇ ਭਗਤ ਜੀ ਦੀ ਦੁਕਾਨ ਦੇ ਸੰਚਾਲਕ ਵਿਪੁਲ ਗੋਇਲ ਦੀ ਪਤਨੀ ਸ਼੍ਰੀਮਤੀ ਰਿਤਿਕਾ ਗੋਇਲ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਇਸ ਮੌਕੇ ਗੌਰੀ ਮਹਿਤਾ ਨੇ ਦੱਸਿਆ ਕਿ ਮਹਿਮਾਨਾਂ ਵੱਲੋਂ ਬੱਚਿਆਂ ਨੂੰ ਨੋਟਬੁੱਕ, ਬੈਗ, ਪਾਣੀ ਦੀਆਂ ਬੋਤਲਾਂ, ਪੈਨਸਿਲ, ਇਰੇਜ਼ਰ ਆਦਿ ਵੰਡੇ ਗਏ। ਇਸ ਮੌਕੇ ਮੁੱਖ ਮਹਿਮਾਨ ਸ਼੍ਰੀਮਤੀ ਮੀਨਾਕਸ਼ੀ ਸਿੰਘਲ ਨੇ ਕਿਹਾ ਕਿ ਸੁਸਾਇਟੀ ਵੱਲੋਂ ਸਰਕਾਰੀ ਸਕੂਲ ਦੇ ਹਰ ਬੱਚੇ ਨੂੰ ਮੁਫਤ ਨੋਟਬੁੱਕ, ਬੈਗ, ਪਾਣੀ ਦੀਆਂ ਬੋਤਲਾਂ, ਪੈਨਸਿਲ, ਇਰੇਜ਼ਰ, ਕਮੀਜ਼ ਆਦਿ ਮੁਹੱਈਆ ਕਰਵਾਉਣਾ ਚੰਗਾ ਫੈਸਲਾ ਹੈ, ਇਸ ਨਾਲ ਲੋੜਵੰਦ ਬੱਚਿਆਂ ਨੂੰ ਕਾਫੀ ਫਾਇਦਾ ਹੋਵੇਗਾ। ਵਿਸ਼ੇਸ਼ ਮਹਿਮਾਨ ਰਿਤਿਕਾ ਗੋਇਲ ਨੇ ਕਿਹਾ ਕਿ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਸਕੂਲ ਵਿੱਚ ਅਧਿਆਪਕਾਂ ਵੱਲੋਂ ਕੀਤੇ ਜਾ ਰਹੇ ਕੰਮਾਂ ਨੂੰ ਘਰ—ਘਰ ਜਾ ਕੇ ਚੈੱਕ ਕਰਨ। ਅੰਤ ਵਿੱਚ ਸੁਸਾਇਟੀ ਵੱਲੋਂ ਮੁੱਖ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਸਕੂਲ ਪ੍ਰਿੰਸੀਪਲ ਅਤੇ ਸਕੂਲ ਸਟਾਫ਼ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਸੁਖਰਾਜ ਸਿੰਘ ਚੀਮਾ ਦੀ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਸਾਹਿਬ ਵਿਖੇ ਕਰਵਾਇਆ ਗਿਆ





ਸਰਾਏ ਅਮਾਨਤ ਖਾਂ, 4 ਮਈ (ਆਵਾਜ਼ਿ ਕੌਮ ਬਿਊਰੋ)-ਅੱਜ ਪਿੰਡ ਚੀਮਾ ਸ਼ੁਕਰ ਵਿੱਖੇ ਬੈਂਕ ਅਧਿਕਾਰੀਆ ਵੱਲੋਂ ਕਰਜ਼ਾ ਮੋੜਨ ਲਈ ਤੰਗ ਪ੍ਰੇਸਾਨ ਕੀਤਾ ਜਾ ਰਿਹਾ ਕਿਸਾਨ ਸੁਖਰਾਜ ਸਿੰਘ ਨੇ 18 ਅਪ੍ਰੈਲ ਨੂੰ ਖੁਦਕੁਸ਼ੀ ਕਰ ਲਈ ਸੀ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੇ ਅੰਤਿਮ ਅਰਦਾਸ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਹੋਈ। ਇਸ ਮੌਕੇ ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਬੀਤੇ ਦਿਨੀਂ ਪਿੰਡ ਚੀਮਾ ਸ਼ੁਕਰ ਵਿੱਖੇ ਸੁਖਰਾਜ ਸਿੰਘ ਨੂੰ ਆੜਤੀ ਅਤੇ ਐਚ ਡੀ ਐਫ਼ ਸੀ ਬੈਂਕ ਅਧਿਕਾਰੀਆ ਵੱਲੋਂ ਕਰਜ਼ਾ ਮੋੜਨ ਲਈ ਤੰਗ ਪ੍ਰੇਸਾਨ ਕੀਤਾ ਜਾ ਰਿਹਾ ਸੀ ਜਿਸ ਕਾਰਨ 18 ਅਪ੍ਰੈਲ ਨੂੰ ਖੁਦਕੁਸ਼ੀ ਕਰ ਲਈ ਸੀ ਜਿਸ ਦਾ ਖ਼ੁਦਕੁਸ਼ੀ ਨੋਟ ਵੀ ਮੌਕੇ ਤੇ ਬਰਾਮਦ ਹੋਇਆ ਸੀ ਜਿਸ ਤੋਂ ਬਾਅਦ ਵੱਖ ਵੱਖ ਕਿਸਾਨ ਜਥੇਬੰਦੀਆਂ ਨੇ ਥਾਣਾਂ ਸਰਾਏ ਅਮਾਨਤ ਖਾਂ ਵਿਖੇ ਲਗਾਤਾਰ ਦੋ ਦਿਨ ਸੁਖਰਾਜ ਸਿੰਘ ਦੀ ਮ੍ਰਿਤਕ ਦੇਹ ਨੂੰ ਰੱਖ ਕੇ ਧਰਨਾ ਦਿੱਤਾ ਸੀ ਜਿਸ ਤੋਂ ਬਾਅਦ ਥਾਣਾ ਸਰਾਏ ਅਮਾਨਤ ਖਾਂ ਵਿਖੇ ਨਾਇਬ ਤਹਿਸੀਲਦਾਰ ਇਕਬਾਲ ਸਿੰਘ ਅਤੇ ਡੀ ਐਸ ਪੀ ਸਿਟੀ ਨੇ ਮੌਕੇ ਤੇ ਪਹੁੰਚ ਕੇ ਮਿਤਰਕ ਦੇ ਪਰਿਵਾਰ ਨੂੰ 5 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਅਤੇ ਇੱਕ ਜੀ ਨੂੰ ਸਰਕਾਰੀ ਨੌਕਰੀ ਦੇਣ ਅਤੇ ਪਰਿਵਾਰ ਦੇ ਸਿਰ ਸਾਰਾ ਸਰਕਾਰੀ ਅਤੇ ਗੈਰਸਰਕਾਰੀ ਕਰਜ਼ਾ ਮੁਆਫ਼ ਕਰਨ ਦਾ ਐਲਾਨ ਕੀਤਾ ਸੀ ਜਿਸ ਵਿੱਚੋਂ 5ਲੱਖ ਦੀ ਰਾਸ਼ੀ ਭੋਗ ਵਾਲੇ ਦਿਨ ਦੇਣ ਦਾ ਐਲਾਨ ਕੀਤਾ ਸੀ ਪਰ ਅੱਜ 17 ਵੀ ਵਾਲੇ ਦਿਨ ਭੋਗ ਪਾਇਆ ਗਿਆ ਹੈ ਪਰ ਕੋਈ ਵੀ ਸਰਕਾਰੀ ਅਧਿਕਾਰੀ ਵਾਅਦੇ ਮੁਤਾਬਕ ਮੰਨੀ ਹੋਈ ਰਾਸ਼ੀ ਦੇਣ ਨਹੀਂ ਪਹੁੰਚਿਆ। ਇਸ ਲਈ ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਸੁਖਰਾਜ ਸਿੰਘ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਸੁਖਰਾਜ ਦੇ ਪਰਿਵਾਰ ਨੂੰ ਮਾਲੀ ਸਹਾਇਤਾ ਦੁਵਾਉਣ ਲਈ 13 ਮਈ ਨੂੰ ਤਰਨ ਤਾਰਨ ਵਿਖੇ ਐਸ ਡੀ ਐਮ ਦਫ਼ਤਰ ਅੱਗੇ ਲਗਾਤਾਰ ਧਰਨਾ ਦਿੱਤਾ ਜਾਵੇਗਾ। ਇਹ ਲੜਾਈ ਉਹਨੀਂ ਦੇਰ ਤੱਕ ਲੜੀ ਜਾਵੇਗੀ ਜਿੰਨੀ ਦੇਰ ਤੱਕ ਮਿਤਰਕ ਦੇ ਪਰਿਵਾਰ ਨੂੰ ਮਾਲੀ ਸਹਾਇਤਾ ਨਹੀਂ ਮਿਲ ਜਾਂਦੀ ਅਤੇ ਪੁਲਿਸ ਵੱਲੋਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾਂਦਾ। ਇਸ ਮੌਕੇ ਸ਼ਰਧਾਂਜਲੀਆਂ ਭੇਟ ਕਰਨ ਵਾਲਿਆਂ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜਿਲਾ ਸਕਤਰੇਤ ਦੇ ਆਗੂ ਜਸਬੀਰ ਸਿੰਘ ਗੰਡੀਵਿੰਡ, ਜਮਹੂਰੀ ਕਿਸਾਨ ਸਭਾ ਦੇ ਆਗੂ ਹਰਦੀਪ ਸਿੰਘ ਰਸੂਲਪੁਰ, ਮਾਸਟਰ ਹਰਭਜਨ ਸਿੰਘ ਜਮਹੂਰੀ ਕਿਸਾਨ ਸਭਾ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ ਜਸਬੀਰ ਸਿੰਘ ਚੀਮਾਂ, ਅਤੇ ਮੁਖ਼ਤਾਰ ਸਿੰਘ ਚੀਮਾ ਉਗਰਾਹਾਂ, , ਕਾਮਰੇਡ ਦਵਿੰਦਰ ਸਿੰਘ ਸੋਹਲ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਗੁਰਦੇਵ ਸਿੰਘ ਰਾਝਾ, ਰਿਸ਼ਪਾਲ ਸਿੰਘ ਸਿੱਧਵਾਂ, ਜਗੀਰ ਸਿੰਘ ਗੰਡੀਵਿੰਡ ਧੱਤਲ, ਸਰਪੰਚ ਗੁਰਭੇਜ ਸਿੰਘ ਚੀਮਾ, ਮਲਕੀਤ ਸਿੰਘ ਚੀਮਾ, ਕੁਲਜੀਤ ਸਿੰਘ ਸਰਪੰਚ ਚੀਮਾਂ ਮਨਪ੍ਰੀਤ ਸਿੰਘ ਚੀਮਾਂ , ਗੁਰਸੇਵਕ ਸਿੰਘ ਸਰਪੰਚ ਚੀਮਾਂ, ਗੁਰਵਿੰਦਰ ਸਿੰਘ ਚੀਮਾ, ਹਰਭਜਨ ਸਿੰਘ ਬੂਰਾ, ਬਚਿੱਤਰ ਸਿੰਘ ਬਿੱਟੂ ਚੀਮਾਂ, ਸ਼ਮਸ਼ੇਰ ਸਿੰਘ ਚੀਮਾ, ਗੁਰਬਿੰਦਰ ਸਿੰਘ ਚੀਮਾ, ਰਵਿੰਦਰ ਸਿੰਘ ਚੀਮਾ, ਬਲਵਿੰਦਰ ਸਿੰਘ ਬਿੱਲਾ ਨੇ ਸ਼ਰਧਾਜਲੀਆ ਭੇਟ ਕੀਤੀਆਂ ਅਤੇ ਮਿਤਰਕ ਪਰਿਵਾਰ ਦੇ ਜੀਆਂ ਨੂੰ ਹਰ ਦੁੱਖ ਸੁੱਖ ਵਿੱਚ ਜਥੇਬੰਦੀਆਂ ਉਹਨਾਂ ਦੇ ਨਾਲ ਹੋਣ ਦਾ ਵਿਸ਼ਵਾਸ ਦਿਵਾਇਆ ਜਿਸ ਚ ਸੁਖਰਾਜ ਸਿੰਘ ਦੀ ਧਰਮਪਤਨੀ ਹਰਵਿੰਦਰ ਕੌਰ, ਅਤੇ ਮਾਤਾ ਹਰਭਜਨ ਕੌਰ ਅਤੇ ਉਹਨਾਂ ਦੇ ਬੇਟੇ ਵੰਸ਼ ਦੀਪ ਸਿੰਘ, ਅਨਮਾਨਤ ਸਿੰਘ, ਸ਼ਾਮਲ ਸਨ।

# ਭਾਈ ਨਿੱਝਰ ਕਤਲ ਕੇਸ 'ਚ ਹਿੰਦੂਤਵ ਹੁਕਮਰਾਨਾਂ ਦੇ ਹੱਥਠੋਕੇ ਬਣੇ ਕਾਤਲਾਂ ਨੂੰ ਪੰਥ 'ਚੋਂ ਛੇਕ ਦੇਣਾ ਚਾਹੀਦੈ: ਮਾਨ

ਨਵੀਂ ਦਿੱਲੀ, 4 ਮਈ (ਆਵਾਜ਼ਿ ਕੌਮ ਬਿਊਰੋ): ਕੌਮੀ ਸੁਰੱਖਿਆ ਸਲਾਹਕਾਰ ਸ੍ਰੀ ਅਜੀਤ ਡੋਵਾਲ, ਰਾਅ, ਆਈ.ਬੀ, ਮਿਲਟਰੀ ਇੰਨਟੈਲੀਜੈਸ, ਵਿਦੇਸ਼ ਵਜੀਰ ਜੈਸੰਕਰ, ਗ੍ਰਹਿ ਵਜੀਰ ਅਮਿਤ ਸ਼ਾਹ ਅਤੇ ਵਜੀਰ-ਏ-ਆਜਮ ਨਰਿੰਦਰ ਮੋਦੀ ਦੀ ਸਾਂਝੀ ਸਾਜਿਸ ਤਹਿਤ ਜਿਨ੍ਹਾਂ ਕਾਤਲਾਂ ਨੇ ਭਾਈ ਹਰਦੀਪ ਸਿੰਘ ਨਿੱਝਰ ਨੂੰ ਕੈਨੇਡਾ ਵਿਚ ਕਤਲ ਕੀਤਾ ਹੈ, ਜਿਨ੍ਹਾਂ ਵਿਚ ਕਰਨਪ੍ਰੀਤ ਸਿੰਘ, ਕਮਲਪ੍ਰੀਤ ਸਿੰਘ ਅਤੇ ਕਰਨ ਬਰਾੜ ਹਨ, ਉਹ ਇਹ ਸਭ ਹਿੰਦੂਤਵ ਮੋਦੀ ਦੇ ਬੰਦੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕੌਮੀ ਮਹਾਨ ਸੰਸਥਾਂ ਨੂੰ ਚਾਹੀਦਾ ਹੈ ਕਿ ਇਹ ਬੰਦੇ ਬਣੇ ਕੌਮ ਦੇ ਕਾਤਲਾਂ ਨੂੰ ਖ਼ਾਲਸਾ ਪੰਥ ਵਿਚੋਂ ਛੇਕ ਦੇਣਾ ਚਾਹੀਦਾ ਹੈ ਤਾਂ ਕਿ ਕੋਈ ਵੀ ਸਿਧਾਂਤ ਤੇ ਸੋਚ ਨੂੰ ਪਿੱਠ ਦੇ ਕੇ ਸਿੱਖ ਦੁਸ਼ਮਣਾਂ ਦੇ ਹੱਥਾਂ ਵਿਚ ਖੇਡਦੇ ਹੋਏ ਕੌਮੀ, ਜਾਨੀ, ਮਾਲੀ ਨੁਕਸਾਨ ਨਾ ਕਰ ਸਕੇ ਅਤੇ ਕੋਈ ਵੀ ਤਾਕਤ ਅਜਿਹੇ ਸਿੱਖਾਂ ਦੀ ਮੰਦਭਾਵਨਾ ਅਧੀਨ ਦੁਰਵਰਤੋ ਕਰਨ ਦੀ ਜੁਰਅਤ ਨਾ ਕਰ ਸਕੇ ।ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਭਾਈ ਹਰਦੀਪ ਸਿੰਘ ਨਿੱਝਰ ਦੇ ਹਿੰਦੂਤਵ ਹੁਕਮਰਾਨਾਂ ਦੇ ਹੱਥਠੋਕੇ ਬਣੇ ਕਾਤਲਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋ ਖ਼ਾਲਸਾ ਪੰਥ ਵਿਚੋ ਛੇਕ ਦੇਣ ਦੀ ਅਪੀਲ ਕਰਦੇ ਹੋਏ ਅਤੇ ਮੋਦੀ ਹਕੂਮਤ ਤੇ ਉਸ ਦੀਆਂ ਏਜੰਸੀਆਂ ਵੱਲੋ ਬਾਹਰਲੇ ਮੁਲਕਾਂ ਤੇ ਇੰਡੀਆਂ ਵਿਚ ਨਿਸ਼ਾਨਾਂ ਬਣਾ ਕੇ ਕਤਲੇਆਮ ਕਰਨ ਦੀਆਂ ਕਾਰਵਾਈਆਂ ਨੂੰ ਅਤਿ ਸ਼ਰਮਨਾਕ ਇਨਸਾਨੀਅਤ ਵਿਰੋਧੀ ਕਰਾਰ ਦਿੰਦੇ ਹੋਏ ਪ੍ਰਗਟ ਕੀਤੇ ਉਨ੍ਹਾਂ ਕਿਹਾ ਕਿ ਸਾਨੂੰ ਪਹਿਲੇ ਹੀ ਪਤਾ ਸੀ ਕਿ ਭਾਈ ਨਿੱਝਰ, ਭਾਈ ਅਵਤਾਰ ਸਿੰਘ ਖੰਡਾ, ਰਿਪੁਦਮਨ ਸਿੰਘ ਮਲਿਕ, ਸੁਖਦੂਲ ਸਿੰਘ, ਪਰਮਜੀਤ ਸਿੰਘ ਪੰਜਵੜ, ਲਖਬੀਰ ਸਿੰਘ ਰੋਡੇ, ਦੀਪ ਸਿੰਘ ਸਿੱਧੂ ਅਤੇ ਸੁਭਦੀਪ ਸਿੰਘ ਸਿੱਧੂ ਮੂਸੇਵਾਲਾ ਇਨ੍ਹਾਂ ਸਭਨਾਂ ਦਾ ਕਤਲੇਆਮ ਹਿੰਦੂਤਵ ਏਜੰਸੀਆਂ ਨੇ ਹੀ ਕਰਵਾਇਆ ਹੈ ।ਜਿਸ ਦੀ ਕੌਮਾਂਤਰੀ ਪੱਧਰ ਤੇ ਸਾਜਿਸ ਪੂਰਨ ਰੂਪ ਵਿਚ ਨੰਗੀ ਹੋ ਚੁੱਕੀ ਹੈ ਕਿ ਹਿੰਦੂਤਵ ਹੁਕਮਰਾਨ ਇਹ ਖਤਰਨਾਕ ਖੇਡਾਂ, ਖੇਡ ਰਿਹਾ ਹੈ ।ਇਹ ਉਪਰੋਕਤ ਏਜੰਸੀਆਂ ਤੇ ਹੁਕਮਰਾਨ ਬੀਤੇ ਲੰਮੇ ਸਮੇ ਤੋ ਬਾਹਰਲੇ ਮੁਲਕਾਂ ਵਿਚ ਸਿੱਖਾਂ ਦੇ ਗੁਰੂਘਰਾਂ ਉਤੇ ਨਿਰੰਤਰ ਨਿੰਗਰਾਨੀ ਰੱਖਦੀਆ ਆ ਰਹੀਆ ਹਨ। ਜੋ ਗੁਰੂਘਰ ਦੀਆਂ ਕਮੇਟੀਆਂ ਇਨ੍ਹਾਂ ਦੀ ਸੋਚ ਅਨੁਸਾਰ ਚੱਲਦੀਆਂ ਹਨ, ਇਹ ਹੁਕਮਰਾਨ ਉਨ੍ਹਾਂ ਦੀ ਪੂਰੀ ਆਉ ਭਗਤ ਕਰਦੇ ਹਨ ਅਤੇ ਦੂਸਰਿਆਂ ਨੂੰ ਸਾਜਿਸਾਂ ਦਾ ਨਿਸ਼ਾਨਾ ਬਣਾਉਦੇ ਹੋਏ ਆਪਣੇ ਵਤਨ ਆਉਣ ਦੇ ਵੀਜੇ ਹੀ ਨਹੀਂ ਦੇ ਰਹੇ ਬਲਕਿ ਉਨ੍ਹਾਂ ਨੂੰ ਮਾਰਨ ਦੀਆਂ ਸਾਜਿਸਾਂ ਘੜੀਆ ਜਾ ਰਹੀਆ ਹਨ ।ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਜਸਟਿਨ ਟਰੂਡੋ ਵਜੀਰ-ਏ-ਆਜਮ ਕੈਨੇਡਾ ਤੇ ਅਮਰੀਕਾ ਦੇ ਪ੍ਰੈਜੀਡੈਂਟ ਜੋ ਬਾਇਡਨ ਦੇ ਧੰਨਵਾਦੀ ਹੈ ਜਿਨ੍ਹਾਂ ਨੇ ਹਿੰਦੂਤਵ ਹੁਕਮਰਾਨਾਂ ਵੱਲੋ ਸਿੱਖਾਂ ਦੇ ਕਤਲ ਕਰਨ ਦੀ ਸਾਜਿਸ ਨੂੰ ਦੁਨੀਆ ਸਾਹਮਣੇ ਦ੍ਰਿੜਤਾ ਨਾਲ ਲਿਆਂਦਾ ਹੈ, ਕਿਉਂਕਿ ਅਮਰੀਕਾ ਨੇ ਵੀ ਗੁਰਪਤਵੰਤ ਸਿੰਘ ਪੰਨੂ ਐਡਵੋਕੇਟ ਜੋ ਸਿੱਖ ਫਾਰ ਜਸਟਿਸ ਦੇ ਮੁੱਖੀ ਹਨ, ਨੂੰ ਇੰਡੀਅਨ ਹੁਕਮਰਾਨਾਂ ਵੱਲੋ ਕਤਲ ਕਰਨ ਦੀ ਸਾਜਿਸ ਨੂੰ ਅਸਫ਼ਲ ਬਣਾ ਕੇ ਜਿਥੇ ਆਪਣੀ ਜਿੰਮੇਵਾਰੀ ਨਿਭਾਈ ਹੈ, ਉਥੇ ਇੰਡੀਆਂ ਦਾ ਇਨਸਾਨੀਅਤ ਵਿਰੋਧੀ ਚੇਹਰੇ ਨੂੰ ਵੀ ਦੁਨੀਆ ਵਿਚ ਨੰਗਾਂ ਕੀਤਾ ਹੈ ।ਜਦੋਂ ਪ੍ਰਦਾਨ ਮੰਤਰੀ ਨਰਿੰਦਰ ਮੋਦੀ, ਵਿਦੇਸ਼ ਵਜੀਰ ਜੈਸੰਕਰ, ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ, ਗ੍ਰਹਿ ਵਜੀਰ ਅਮਿਤ ਸ਼ਾਹ ਵੱਲੋ ਇਹ ਕਹਿ ਕੇ ਕਿ ਅਸੀਂ ਆਜਾਦੀ ਚਾਹੁੰਣ ਵਾਲੇ ਅਜਿਹੇ ਸਿੱਖਾਂ ਦੇ ਘਰਾਂ ਵਿਚ ਘੁਸਪੈਠ ਕਰਕੇ ਖਤਮ ਕਰਾਂਗੇ, ਸਿੱਖਾਂ ਦੇ ਹੋ ਰਹੇ ਕਤਲੇਆਮ ਨੂੰ ਇਨ੍ਹਾਂ ਸਭਨਾਂ ਨੇ ਪ੍ਰਵਾਨ ਕਰ ਲਿਆ ਹੈ।

# ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀ ਕੀਤੇ ਸਨਮਾਨਿਤ



ਫ਼ਿਰੋਜ਼ਪੁਰ, 4 ਮਈ (ਮਨੋਹਰ ਲਾਲ) :— ਸਿੱਖਿਆ ਬੋਰਡ ਵੱਲੋਂ ਐਲਾਨੇ ਅੱਠਵੀਂ ਅਤੇ 10ਵੀਂ ਦੇ ਐਲਾਨੇ ਨਤੀਜਿਆਂ ਵਿਚ ਸਰਕਾਰੀ ਹਾਈ ਸਕੂਲ ਭੜਾਣਾ ਦੇ ਵਿਦਿਆਰਥੀਆਂ ਨੇ ਆਪਣੀ ਕਾਬਲੀਅਤ ਦਾ ਕੀਤਾ ਪ੍ਰਗਟਾਵਾ। ਸਕੂਲੀ ਵਿਦਿਆਰਥੀਆਂ ਨੇ ਇਨ੍ਹਾਂ ਨਤੀਜਿਆਂ ਵਿਚ 100ਫੀਸਦੀ ਰਿਜ਼ਲਟ ਲਿਆ ਕੇ ਜਿਥੇ ਸਕੂਲ ਪ੍ਰਬੰਧਕਾਂ ਦਾ ਨਾਮ ਰੋਸ਼.ਨਾਇਆ, ਉਥੇ ਪੁਜੀਸ਼ਨਾਂ ਹਾਸਲ ਕਰਕੇ ਆਪਣੇ ਅੰਦਰ ਪੜ੍ਹਣ ਦੀ ਤਾਂਕ ਦਾ ਪ੍ਰਗਟਾਵਾ ਕੀਤਾ। ਸਕੂਲ ਕੈਂਪਸ ਵਿਚ ਇਨ੍ਹਾਂ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਕਰਵਾਏ ਸਮਾਗਮ ਦੀ ਅਗਵਾਈ ਮੁੱਖ ਅਧਿਆਪਕ ਗੁਰਵਿੰਦਰ ਸਿੰਘ ਵੱਲੋਂ ਕੀਤੀ ਗਈ ਅਤੇ ਉਨ੍ਹਾਂ ਦੱਸਿਆ ਕਿ ਐਲਾਨੇ ਨਤੀਜਿਆਂ ਵਿਚ ਸਕੂਲ ਦੀਆਂ ਅੱਠਵੀਂ ਜਮਾਤ ਦੀਆਂ ਹੋਣਹਾਰ ਵਿਦਿਆਰਥਣਾਂ ਚੋਂ ਕੋਮਲਪ੍ਰੀਤ ਕੌਰ ਨੇ 94 ਫੀਸਦੀ, ਖੁਸ਼ਮੀਤ ਕੌਰ ਨੇ 89 ਫੀਸਦੀ ਅਤੇ ਅਨਮੋਲ ਪ੍ਰੀਤ ਕੌਰ ਨੇ 88 ਫੀਸਦੀ ਅੰਕ ਹਾਸਿਲ ਕਰਕੇ ਕਰਮਵਾਰ ਪਹਿਲਾ ਦੂਜਾ ਅਤੇ ਤੀਜਾ ਸਥਾਨ ਹਾਸਿਲ ਕੀਤਾ। ਉਨ੍ਹਾਂ ਦੱਸਿਆ ਕਿ ਦਸਵੀਂ ਜਮਾਤ ਦੀਆਂ ਵਿਦਿਆਰਥਣਾ ਵਿਚੋਂ ਕੋਮਲਪ੍ਰੀਤ ਕੌਰ, ਨਵਦੀਪ ਕੌਰ ਅਤੇ ਸਰਬਜੀਤ ਕੌਰ ਨੇ ਕਰਮਵਾਰ ਪਹਿਲਾ ਦੂਜਾ ਅਤੇ ਤੀਜਾ ਸਥਾਨ ਹਾਸਿਲ ਕਰਦੇ ਹੋਏ ਸਕੂਲ ਦਾ ਮਾਨ ਸਨਮਾਨ ਵਧਾਇਆ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਸਕੂਲ ਦੇ ਬਾਕੀ ਵਿਦਿਆਰਥੀਆਂ ਨੇ ਵੀ ਚੰਗੇ ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੋਸ਼ਨਾਉਣ ਦੇ ਨਾਲ—ਨਾਲ ਆਪਣੇ ਮਾਪਿਆਂ ਦਾ ਨਾਮ ਰੋਸ਼ਨ ਕੀਤਾ ਹੈ। ਇਸ ਮੌਕੇ ਚੰਗੀਆਂ ਪੁਜ਼ੀਸ਼ਨਾ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਸਮਾਰੋਹ ਕਰਕੇ ਸਨਮਾਨਿਤ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਅਤੇ ਐਸ.ਐਮ.ਸੀ ਕਮੇਟੀ ਦੇ ਮੈਂਬਰਾਂ ਨੂੰ ਖਾਸ ਤੌਰ ਤੇ ਸੱਦਾ ਦਿੱਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਆਏ ਹੋਏ ਮਹਿਮਾਨਾਂ ਨੂੰ ਜੀ ਆਇਆ ਨਾਲ ਕੀਤੀ ਗਈ, ਜਿਸ ਉਪਰੰਤ ਮਾਪਿਆਂ ਨੂੰ ਵਧਾਈਆਂ ਦਿੱਤੀਆਂ ਗਈਆਂ ਅਤੇ ਬੱਚਿਆਂ ਦੀ ਪ੍ਰਤਿਭਾ ਦੀ ਪ੍ਰਸੰਸਾ ਕਰਦੇ ਹੋਏ ਉਨ੍ਹਾਂ ਦੇ ਚੰਗੇਰੇ ਭਵਿੱਖ ਦੀ ਕਾਮਨਾ ਕੀਤੀ ਗਈ। ਇਸ ਦੌਰਾਨ ਸ਼੍ਰੀਮਤੀ ਗੁਰਵਿੰਦਰ ਕੌਰ ਵੱਲੋਂ ਗਾਈਡੈਂਸ ਅਤੇ ਕਾਉਂਸਲਿੰਗ ਸਬੰਧੀ ਬੱਚਿਆਂ ਤੇ ਮਾਪਿਆਂ ਨੂੰ ਸੰਬੋਧਨ ਕੀਤਾ ਗਿਆ। ਪ੍ਰੋਗਰਾਮ ਦੇ ਅੰਤ ਵਿੱਚ ਗੁਰਵਿੰਦਰ ਸਿੰਘ ਮੁੱਖ ਅਧਿਆਪਕ ਵੱਲੋਂ ਮਾਪਿਆਂ ਅਤੇ ਐਸ.ਐਮ.ਸੀ ਕਮੇਟੀ ਦੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ, ਜਦੋਂ ਕਿ ਸਮਾਰੋਹ ਸਮਾਗਮ ਦੌਰਾਨ ਸਟੇਜ ਦਾ ਸੰਚਾਲਨ ਪਰਮਿੰਦਰ ਸਿੰਘ ਸੋਢੀ ਅਤੇ ਹਰਪ੍ਰੀਤ ਸਿੰਘ ਨੇ ਬਾਖੂਬੀ ਨਿਭਾਈ। ਇਸ ਦੌਰਾਨ ਸਕੂਲ ਅਧਿਆਪਕ ਗੁਰਿੰਦਰ ਸਿੰਘ, ਗੀਤਾ, ਰੇਖਾ ਰਾਣੀ, ਗਗਨਦੀਪ ਕੌਰ, ਨੀਨੂ ਗਰੋਵਰ, ਵਿਸ਼ਾਲ ਗਾਂਧੀ, ਸੋਨੀਆ ਕੰਬੋਜ, ਕੁਮਾਰੀ ਪ੍ਰਿਅੰਕਾ ਰਾਣੀ ਅਤੇ ਕਲਰਕ ਪ੍ਰਦੀਪ ਕੁਮਾਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਸਰਕਾਰੀ ਪ੍ਰਾਇਮਰੀ ਸਕੂਲ ਨਾਨਕ ਨਗਰੀ ਵਿਚ ਲਾਇਆ ਵੋਟਰ ਜਾਗਰੂਕਤਾ ਕੈਂਪ



ਫ਼ਿਰੋਜ਼ਪੁਰ, 4 ਮਈ (ਮਨੋਹਰ ਲਾਲ) :— ਵੋਟ ਦੀ ਪਰਿਭਾਸ਼ਾ ਅਤੇ ਤਾਕਤ ਤੋਂ ਜਾਣੂ ਕਰਵਾਉਣ ਲਈ ਅੱਜ ਸਰਕਾਰੀ ਪ੍ਰਾਇਮਰੀ ਸਕੂਲ ਨਾਨਕ ਨਗਰੀ ਵਿਖੇ ਵੋਟਰ ਜਾਗਰੂਕਤਾ ਕੈਂਪ ਲਗਾਇਆ ਗਿਆ, ਜਿਸ ਵਿਚ ਸਕੂਲੀ ਬੱਚਿਆਂ, ਅਧਿਆਪਕਾਂ ਅਤੇ ਮਾਤਾ—ਪਿਤਾ ਨੇ ਸ਼ਿਰਕਤ ਕਰਕੇ ਮੁੱਖ ਮਹਿਮਾਨ ਦੇ ਵਿਚਾਰ ਸਰਵਣ ਕੀਤੇ। ਇਸ ਸਮਾਗਮ ਵਿਚ ਪਹਿਲਾਂ ਦੀ ਤਰ੍ਹਾਂ ਉੱਘੇ ਸਮਾਜ ਸੇਵਕ ਸੀਨੀਅਰ ਸਿਟੀਜਨ ਸੇਵਾ ਮੁਕਤ ਮਾਸ ਮੀਡੀਆ ਅਫਸਰ ਸਿਹਤ ਵਿਭਾਗ ਜ਼ਿਲ੍ਹਾ ਫ਼ਿਰੋਜ਼ਪੁਰ ਐਨ.ਜੀ.ਓ ਕੋਆਰਡੀਨੇਸ਼ਨ ਕਮੇਟੀ ਸਦਾ ਵਰਤ ਪੰਚਾਇਤੀ ਦੇ ਮੁੱਖ ਕਾਰਜਕਰਤਾ ਸਮਾਜ ਸੁਧਾਰਕ ਵੱਲੋਂ ਬੱਚਿਆਂ ਨੂੰ ਸੰਬੋਧਨ ਤੇ ਰੂਬਰੂ ਹੁੰਦਿਆਂ ਆਜ਼ਾਦੀ ਪ੍ਰਾਪਤੀ ਲਈ ਸਾਡੇ ਬਜ਼ੁਰਗਾਂ, ਸ਼ਹੀਦਾਂ, ਬੁੱਧੀਜੀਵੀਆਂ ਵੱਲੋਂ ਦਿੱਤੀਆਂ ਅਦੁਤੀਆਂ ਕੁਰਬਾਨੀਆਂ ਅਤੇ ਇਸ ਵੋਟ ਨੂੰ ਹਾਸਲ ਕਰਨ ਲਈ ਦਿੱਤੀਆਂ ਤਾਂ ਜ਼ੋ ਸਾਡਾ ਭਾਰਤ ਆਜ਼ਾਦ ਹੋ ਕੇ ਸਾਡੇ ਸੁਪਨਿਆਂ ਦਾ ਭਾਰਤ ਬਣਾਉਣ, ਜਿਥੇ ਹਰ ਜੀਵ, ਜੰਤੂ, ਪ੍ਰਾਣੀ ਕੁਦਰਤ ਦੇ ਸੌਮਿਆਂ ਵੱਧ ਫਲ ਸਕਣ ਤਾਂ ਜ਼ੋ ਇਸ ਆਜ਼ਾਦੀ ਦਾ ਆਨੰਦ ਮਾਣ ਸਕਣ, ਪਰ ਅੱਜ ਦੇਖਣ ਵਿਚ ਆ ਰਿਹਾ ਹੈ ਕਿ ਇਸ ਵੋਟ ਨੂੰ ਇਕ ਕਾਗਜ ਦਾ ਟੁਕੜਾ ਸਮਝ ਆਜ਼ਾਦੀ ਗਵਾ 75 ਸਾਲਾਂ ਵਿਚ ਅਸੀਂ ਉਨ੍ਹਾਂ ਦੇ ਸੁਪਨਿਆਂ ਦਾ ਭਾਰਤ ਤਾਂ ਕੀ ਬਣਾਉਣਾ ਸੀ, ਉਥੇ ਫਰੰਗੀਆਂ, ਲੁਟੀਆਂ, ਅਚਰਹੀਣਤਾ ਵਾਲੇ ਪ੍ਰਸ਼ਸਕਾਂ ਨਾਲੋਂ ਵੀ ਇਸ ਦੇਸ਼ ਦੀ ਹਾਲਤ ਨਾਜੁਕ ਬਣਾ, ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਇਨ੍ਹਾਂ ਕਾਲੇ ਅੰਗਰੇਜਾਂ ਨਾਲੋਂ ਗੌਰੇ ਅੰਗਰੇਜ਼ ਹੀ ਚੰਗੇ ਸੀ। ਅਖੀਰ ਵਿਚ ਬੱਚਿਆਂ, ਅਧਿਆਪਕਾਂ ਵੱਲੋਂ ਰੂਬਰੂ ਹੁੰਦਿਆਂ ਇਹ ਪ੍ਰਣ ਲਿਆ ਕਿ ਅਸੀਂ ਆਪ ਹੀ ਨਹੀਂ ਬਲਕ ਘਰ—ਘਰ, ਗਲੀ—ਗਲੀ, ਮੁਹੱਲੇ—ਮੁਹੱਲੇ ਵਿਚ ਜਾ ਕੇ ਇਸ ਵੋਟ ਦੀ ਮਹੱਤਤਾ ਨੂੰ ਦੱਸ ਕੇ ਤੇ ਆਪਣੀ ਆਤਮਾ ਦੀ ਆਵਾਜ਼ ਨੂੰ ਪਹਿਚਾਣ ਕੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਸੁਪਨਿਆਂ ਦਾ ਭਾਰਤ ਬਣਾਉਣਾ ਸਕਾਰ ਕਰਦਿਆਂ ਵੋਟ ਜ਼ਰੂਰ ਪਾਵਾਂਗੇ ਤੇ ਹਰ ਪੱਖੋਂ ਯੋਗ ਉਮੀਦਵਾਰ ਨੂੰ ਵੋਟ ਪਾਉਣਾ ਤੇ ਦੂਜਿਆਂ ਨੂੰ ਪਾਉਣ ਲਈ ਪ੍ਰੇਰਿਤ ਕਰਾਂਗੇ, ਯੋਗ ਉਮੀਦਵਾਰ ਅੱਗੇ ਲਿਆਂਵਾਂਗੇ। ਸਮਾਗਮ ਦੇ ਅੰਤ ਵਿਚ ਹੈਡ ਅਧਿਆਪਕ ਵੱਲੋਂ ਸਾਰਿਆਂ ਦਾ ਧੰਨਵਾਦ ਕਰਦੇ ਹੋਏ ਨਾਲ ਹੀ ਇਹ ਵੀ ਇਛਾ ਜ਼ਾਹਿਰ ਕੀਤੀ ਕਿ ਜੇਕਰ ਸਰਕਾਰ ਜਨਤਾ ਸਾਨੂੰ ਸੇਵਾ ਦਾ ਮੌਕੇ ਦੇਵੇ ਤਾਂ ਅਸੀਂ ਪਾਣੀ ਦੀ ਸੇਵਾ ਲਈ ਬੂਥਾਂ ਤੇ ਆਵਾਂਗੇ, ਸਾਰਿਆਂ ਹੱਥ ਖੜ੍ਹੇ ਕਰ ਦਿੱਤੇ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ
ਦੇ ਜਨਮ ਦਿਨ ਤੇ
ਆਵਾਜ਼ਿ ਕੌਮ AWAZE QAUM International Newspaper & WEB TV
2 ਜੂਨ ਨੂੰ ਰੋਡੇ ਪੁੱਜੋ
ਗੁਰਦੁਆਰਾ ਸੰਤ ਖਾਲਸਾ
ਬੇਨਤੀ ਕਰਤਾ
ਸੰਤ ਬਾਬਾ ਚਰਨਜੀਤ ਸਿੰਘ ਜੀ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ
ਮੈਂਬਰ ਸ਼੍ਰੋਮਣੀ ਕਮੇਟੀ ਸ੍ਰੀ ਅੰਮ੍ਰਿਤਸਰ ਅਤੇ
ਮੁੱਖ ਬੁਲਾਰੇ ਇੰਟਰਨੈਸ਼ਨਲ ਪੰਥਕ ਦਲ